Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | **Vol 21* Issue 67** | **Wednesday, April 06, 2022** | **Tel: 905-793-2202 | Fax: 905-793-2282 | news@punjabipost.ca** | ਤੁਸੀਂ 'ਪੰਜਾਬੀ ਪੋਸਟ' ***Online*** ਰੋਜ਼ਾਨਾ ਪੜ੍ਹ ਸਕਦੇ ਹੋ

## ਹਾਈਵੇਅ 412 ਤੇ 418 ਉੱਤੇ ਲਏ ਜਾਣ ਵਾਲੇ ਟੋਲ ਖ਼ਤਮ ਕਰੇਗੀ ਫੋਰਡ ਸਰਕਾਰ



ਦਰਹਾਮ, 5 ਅਪਰੈਲ (ਪੋਸਟ ਬਿਊਰੋ) : ਇਸ ਹਫਤੇ ਦੋ ਮੁੱਖ ਹਾਈਵੇਅਜ਼ ਉੱਤੇ ਪ੍ਰੋਵਿੰਸ ਵੱਲੋਂ ਟੋਲ ਟੈਕਸ ਖ਼ਤਮ ਕਰਨ ਨਾਲ ਦਰਹਾਮ ਰੀਜਨ ਦੇ ਰੈਜ਼ੀਡੈਂਟਸ ਨੂੰ ਆਵਾਜਾਈ ਲਈ ਕੁੱਝ ਸਸਤੇ ਸਾਧਨ ਵੀ ਉਪਲਬਧ ਹੋ ਸਕਣਗੇ।

ਫਰਵਰੀ ਵਿੱਚ ਫੋਰਡ ਸਰਕਾਰ ਨੇ ਇਹ ਐਲਾਨ ਕੀਤਾ ਸੀ ਕਿ ਹਾਈਵੇਅਜ਼ 412 ਤੇ 418 ਉੱਤੇ ਟੋਲ 5 ਅਪਰੈਲ ਨੂੰ ਖ਼ਤਮ ਹੋ ਜਾਵੇਗਾ ਤੇ ਇਨ੍ਹਾਂ ਟੋਲ ਨੂੰ ਰਸਮੀ ਤੌਰ ਉੱਤੇ ਖ਼ਤਮ ਕਰਨ ਲਈ ਪ੍ਰੀਮੀਅਰ ਡੱਗ ਫੋਰਡ ਮੰਗਲਵਾਰ ਨੂੰ ਵ੍ਹਿਟਬੀ ਜਾਣਗੇ। ਜਦੋਂ ਇਸ ਸਬੰਧ ਵਿੱਚ ਪਹਿਲੀ ਵਾਰੀ ਐਲਾਨ ਕੀਤਾ ਗਿਆ ਸੀ ਤਾਂ ਫੋਰਡ ਨੇ ਆਖਿਆ ਸੀ ਕਿ ਅਸੀਂ ਦਰਹਾਮ ਦੇ ਲੋਕਾਂ ਦੀ ਤਕਲੀਫ ਨੂੰ ਸਮਝਦੇ ਹਾਂ ਤੇ ਅਸੀਂ ਉਨ੍ਹਾਂ ਨਾਲ ਇਸ ਗੱਲ ਉੱਤੇ ਸਹਿਮਤ ਹਾਂ ਕਿ ਪਿਛਲੀ ਸਰਕਾਰ ਵੱਲੋਂ ਹਾਈਵੇਅ 412 ਤੇ 418 ਉੱਤੇ ਲਾਏ ਗਏ ਟੋਲ ਗਲਤ ਹਨ।

ਇਹ ਦੋਵੇਂ ਰੂਟ ਹੀ ਓਨਟਾਰੀਓ ਵਿੱਚ ਨੌਰਥ-ਸਾਊਥ ਹਾਈਵੇਅਜ਼ ਹਨ ਜਿਨ੍ਹਾਂ ਉੱਤੇ ਟੋਲ ਵਸੂਲਿਆ ਜਾਂਦਾ ਹੈ। ਪ੍ਰੋਵਿੰਸ ਨੇ ਆਖਿਆ ਕਿ ਟੋਲ ਹਟਾਉਣ ਨਾਲ ਇਲਾਕੇ ਦੇ ਲੋਕਾਂ ਨੂੰ ਟਰੈਵਲ ਕਰਨ ਲਈ ਹੋਰ ਬਦਲ ਮਿਲ ਜਾਣਗੇ। ਸਰਕਾਰ ਨੇ ਆਖਿਆ ਕਿ ਉਨ੍ਹਾਂ ਦੀਆਂ ਇਹ ਦਰਾਂ ਵੱਖਰੇ ਤੇ ਪ੍ਰਾਈਵੇਟ ਤੌਰ ਉੱਤੇ ਸਾਂਭੇ ਜਾਣ ਵਾਲੇ 407 ਈਟੀਆਰ ਹਾਈਵੇਅ ਉੱਤੇ ਅਸਰ ਨਹੀਂ ਪਾਉਣਗੀਆਂ। ਪਿਛਲੇ ਸਾਲ ਦੀ ਟਰਾਂਸਪੋਰਟੇਸ਼ਨ ਮੰਤਰਾਲੇ ਦੀ ਰਿਪੋਰਟ ਵਿੱਚ ਆਖਿਆ ਗਿਆ ਸੀ ਕਿ ਹਾਈਵੇਅ 407, 412, 418 ਉੱਤੇ ਲੱਗਣ ਵਾਲੇ ਟੋਲ ਟੈਕਸ ਤੋਂ 2017 ਤੇ 2020 ਦਰਮਿਆਨ 160 ਮਿਲੀਅਨ ਡਾਲਰ ਇੱਕਠੇ ਹੋਏ ਸਨ। ਹਾਈਵੇਅ 412 ਦੇ 418 ਤੋਂ ਕੁੱਲ ਆਮਦਨ ਦਾ 24 ਫੀ ਸਦੀ, ਜੋ ਕਿ 38.2 ਮਿਲੀਅਨ ਬਣਦਾ ਹੈ, ਹਾਸਲ ਹੋਇਆ। ਰਿਪੋਰਟ ਵਿੱਚ ਇਹ ਵੀ ਆਖਿਆ ਗਿਆ ਸੀ ਕਿ ਇਨ੍ਹਾਂ ਦੋਵਾਂ ਹਾਈਵੇਅਜ਼ ਉੱਤੇ ਉਸਾਰੀ ਦੀ ਆਈ ਲਾਗਤ ਪੂਰੀ ਕਰਨ ਲਈ 25 ਸਾਲ ਦਾ ਸਮਾਂ ਲੱਗੇਗਾ।

## ਯੂਕਰੇਨ ਲਈ ਕਰਵਾਏ ਜਾਣ ਵਾਲੇ ਈਵੈਂਟ ਵਿੱਚ ਸ਼ਾਮਲ ਹੋਣ ਲਈ ਟਰੂਡੋ ਨੇ ਲੋਪੇਜ਼ ਨੂੰ ਦਿੱਤਾ ਸੱਦਾ



ਮੈਕਸਿਕੋ ਸਿਟੀ, 5 ਅਪਰੈਲ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਗਲਵਾਰ ਨੂੰ ਮੈਕਸਿਕੋ ਦੇ ਰਾਸ਼ਟਰਪਤੀ ਆਂਦਰੇਸ ਮੈਨੂਅਲ ਲੋਪੇਜ਼ ਓਬਰਾਡੋਰ ਨੂੰ ਯੂਕਰੇਨ ਦੀ ਹਮਾਇਤ ਲਈ ਰੱਖੇ ਗਏ ਈਵੈਂਟ ਵਿੱਚ ਹਿੱਸਾ ਲੈਣ ਦਾ ਸੱਦਾ ਦਿੱਤਾ। ਜ਼ਿਕਰਯੋਗ ਹੈ ਕਿ ਮੈਕਸਿਕੋ ਉੱਤੇ ਮਾਸਕੋਅ ਦੀ ਪੁਸ਼ਤਪਨਾਹੀ ਕਰਨ ਦਾ ਵੀ ਦੋਸ਼ ਹੈ।

ਇੱਕ ਫੋਨ ਕਾਲ ਦੌਰਾਨ ਟਰੂਡੋ ਨੇ ਲੋਪੇਜ਼ ਨੂੰ ਯੂਕਰੇਨੀ ਰਫਿਊਜੀਆਂ ਤੇ ਬੇਘਰ ਹੋਏ ਲੋਕਾਂ ਲਈ ਫੰਡ ਇੱਕਠਾ ਕਰਨ ਲਈ ਸ਼ਨਿੱਚਰਵਾਰ ਨੂੰ ਕਰਵਾਏ ਜਾਣ ਵਾਲੇ ਈਵੈਂਟ "ਸਟੈਂਡ ਅੱਪ ਫੌਰ ਯੂਕਰੇਨ" ਵਿੱਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ। ਇਸ ਈਵੈਂਟ ਨੂੰ ਟਰੂਡੋ ਯੂਰਪੀਅਨ ਕਮਿਸ਼ਨ ਦੇ ਪ੍ਰੈਜ਼ੀਡੈਂਟ ਉਰਸੁਲਾ ਵੌਨ ਡੇਰ ਲੇਯੇਨ ਨਾਲ ਮਿਲ ਕੇ ਆਯੋਜਿਤ ਕਰ ਰਹੇ ਹਨ।

ਰੂਸ ਤੇ ਯੂਕਰੇਨ ਦਰਮਿਆਨ ਚੱਲ ਰਹੇ ਸੰਘਰਸ਼ ਵਿੱਚ ਲੋਪੇਜ਼ ਨੇ ਨਿਰਪੱਖ ਰਹਿਣ ਦੀ ਕੋਸ਼ਿਸ਼ ਕੀਤੀ ਹੈ ਪਰ ਉਨ੍ਹਾਂ ਰੂਸ ਉੱਤੇ ਪਾਬੰਦੀਆਂ ਲਾਉਣ ਤੋਂ ਵੀ ਇਨਕਾਰ ਕੀਤਾ ਹੈ। ਹਾਲਾਂਕਿ ਉਨ੍ਹਾਂ ਦੀ ਸਰਕਾਰ ਨੇ ਯੂਕਰੇਨ ਤੋਂ ਆਪਣੀਆਂ ਸੈਨਾਵਾਂ ਨੂੰ ਵਾਪਿਸ ਸੱਦਣ ਲਈ ਰੂਸ ਨੂੰ ਅਪੀਲ ਕਰਨ ਲਈ ਪਾਈ ਗਈ ਵੋਟ ਵਿੱਚ ਸੰਯੁਕਤ ਰਾਸ਼ਟਰ ਦਾ ਸਾਥ ਦਿੱਤਾ ਹੈ ਪਰ ਉਸ ਨੇ ਯੂਰਪ ਵੱਲੋਂ ਯੂਕਰੇਨ ਸਮੇਤ ਹੋਰਨਾਂ ਦੇਸ਼ਾਂ ਨੂੰ ਭੇਜੇ ਜਾ ਰਹੇ ਹਥਿਆਰਾਂ ਲਈ ਯੂਰਪ ਦੀ ਨਿਖੇਧੀ ਵੀ ਕੀਤੀ ਹੈ।

## ਫੋਰਡ ਸਰਕਾਰ ਨੇ ਘੱਟ ਤੋਂ ਘੱਟ ਉਜਰਤਾਂ 15·50 ਡਾਲਰ ਪ੍ਰਤੀ ਘੰਟਾ ਕਰਨ ਦਾ ਕੀਤਾ ਵਾਅਦਾ



ਓਨਟਾਰੀਓ, 5 ਅਪਰੈਲ (ਪੋਸਟ ਬਿਊਰੋ) : ਫੋਰਡ ਸਰਕਾਰ ਨੇ ਓਨਟਾਰੀਓ ਵਿੱਚ ਘੱਟ ਤੋਂ ਘੱਟ ਉਜਰਤਾਂ ਵਿੱਚ ਹੋਰ ਵਾਧਾ ਕਰਨ ਦਾ ਵਾਅਦਾ ਕੀਤਾ ਹੈ।

ਸਰਕਾਰ ਦਾ ਕਹਿਣਾ ਹੈ ਕਿ ਪਹਿਲੀ ਅਕਤੂਬਰ 2022 ਤੋਂ ਘੱਟ ਤੋਂ ਘੱਟ ਉਜਰਤਾਂ 50 ਸੈਂਟ ਤੱਕ ਹੋਰ ਵੱਧ ਸਕਦੀਆਂ ਹਨ। ਇਹ ਵਾਧਾ ਮਹਿੰਗਾਈ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾ ਰਿਹਾ ਹੈ। ਇਹ ਤਰੀਕ ਪ੍ਰੋਵਿੰਸ਼ੀਅਲ ਚੋਣਾਂ ਤੋਂ ਬਾਅਦ ਆਵੇਗੀ। ਪ੍ਰਸਤਾਵਿਤ ਉਜਰਤਾਂ ਓਨਟਾਰੀਓ ਵਿੱਚ ਜੂਨ ਮਹੀਨੇ ਹੋਣ ਜਾ ਰਹੀਆਂ ਚੋਣਾਂ ਤੋਂ ਬਾਅਦ 15·50 ਡਾਲਰ ਪ੍ਰਤੀ ਘੰਟਾ ਕਰਨ ਦੀ ਤਜਵੀਜ਼ ਹੈ।


ਇਸ ਤੋਂ ਪਹਿਲਾਂ 2018 ਵਿੱਚ ਪਾਰਟੀ ਨੇ ਸੱਤਾ ਸਾਂਭਣ ਤੋਂ ਬਾਅਦ ਘੱਟ ਤੋਂ ਘੱਟ ਉਜਰਤਾਂ ਵਿੱਚ ਵਾਧਾ ਕਰਨ ਦੀ ਯੋਜਨਾ ਨੂੰ ਰੱਦ ਕਰ ਦਿੱਤਾ ਸੀ ਤੇ ਜਨਵਰੀ ਤੋਂ ਘੱਟ ਤੇ ਘੱਟ ਉਜਰਤਾਂ 15 ਡਾਲਰ ਕੀਤੀਆਂ ਗਈਆਂ। ਫੋਰਡ ਸਰਕਾਰ ਘੱਟ ਤੋਂ ਘੱਟ ਉਜਰਤਾਂ ਨੂੰ ਹੀ 15 ਡਾਲਰ ਤੋਂ 15·50 ਡਾਲਰ ਪ੍ਰਤੀ ਘੰਟਾ ਕਰਨ ਦੀ ਗੱਲ ਨਹੀਂ ਕਰ ਰਹੀ ਸਗੋਂ ਵਿਦਿਆਰਥੀਆਂ ਦੀਆਂ ਉਜਰਤਾਂ ਵਿੱਚ ਵੀ ਵਾਧੇ ਦੀ ਗੱਲ ਕਰ ਰਹੀ ਹੈ। 18 ਸਾਲ ਤੇ ਇਸ ਤੋਂ ਨਿੱਕੀ ਉਮਰ ਦੇ ਵਿਦਿਆਰਥੀਆਂ ਲਈ ਉਜਰਤਾਂ 14·60 ਪ੍ਰਤੀ ਘੰਟੇ ਦੀ ਥਾਂ 14·10 ਡਾਲਰ ਪ੍ਰਤੀ ਘੰਟਾ ਕੀਤੇ ਜਾਣ ਦਾ ਫੋਰਡ ਸਰਕਾਰ ਵੱਲੋਂ ਵਾਅਦਾ ਕੀਤਾ ਜਾ ਰਿਹਾ ਹੈ।

ਲੇਬਰ ਮੰਤਰੀ ਮੌਂਟੀ ਮੈਕਨੌਟਨ ਨੇ ਮੰਗਲਵਾਰ ਨੂੰ ਇਸ ਯੋਜਨਾ ਦਾ ਐਲਾਨ ਕਰਦਿਆਂ ਆਖਿਆ ਕਿ ਇਹ ਵਾਧਾ ਮਹਿੰਗਾਈ ਨੂੰ ਧਿਆਨ ਵਿੱਚ ਰੱਖ ਕੇ ਵਰਕਰਜ਼ ਦੀ ਮਦਦ ਲਈ ਕੀਤਾ ਜਾਵੇਗਾ। ਇਸ ਦੌਰਾਨ ਐਨਡੀਪੀ ਨੇ ਵੀ ਇਹ ਆਖਿਆ ਹੈ ਕਿ ਜੇ ਉਹ ਸੱਤਾ ਵਿੱਚ ਆਉਂਦੇ ਹਨ ਤਾਂ ਪਹਿਲੀ ਅਕਤੂਬਰ ਤੋਂ ਘੱਟ ਤੋਂ ਘੱਟ ਉਜਰਤਾਂ 20 ਡਾਲਰ ਪ੍ਰਤੀ ਘੰਟਾ ਕਰਨਗੇ ਤੇ 2026 ਤੱਕ ਇਹ ਉਜਰਤਾਂ 20 ਡਾਲਰ ਪ੍ਰਤੀ ਘੰਟੇ ਤੱਕ ਲਿਜਾਣਗੇ। ਲਿਬਰਲਾਂ ਦਾ ਕਹਿਣਾ ਹੈ ਕਿ ਇਨ੍ਹਾਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਜਿੱਤਣ ਤੋਂ ਬਾਅਦ ਉਹ ਪਹਿਲੀ ਜਨਵਰੀ, 2023 ਤੋਂ ਉਜਰਤਾਂ ਵਿੱਚ ਵਾਧਾ ਕਰਕੇ 16 ਡਾਲਰ ਪ੍ਰਤੀ ਘੰਟਾ ਕਰਨਗੇ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

MOTEL FOR SALE ON HWY 7
IN THE MIDDLE OF TORONTO AND OTTAWA
$1,275,000
• Excellent Cash Flow And Low Vacancy Rate
• Low Operating Costs
• Many Recent Upgrades To Rooms
• New Security Camera System
• Plan Approved For Additional Unit
RAJ HANDA
BROKER OF RECORD
DIR: 647-546-5228
OFF: 905-457-4588
SAVE MAX GLOBAL REALTY

## ਸੜਕ ਉੱਤੇ ਮ੍ਰਿਤਕ ਪਈ ਮਿਲੀ ਮਹਿਲਾ : ਪੁਲਿਸ




ਟੋਰਾਂਟੋ, 5 ਅਪਰੈਲ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਟੋਰਾਂਟੋ ਦੇ ਪੱਛਮ ਵਿੱਚ ਸੜਕ ਦੇ ਐਨ ਵਿਚਕਾਰ ਮਹਿਲਾ ਦੀ ਲਾਸ਼ ਮਿਲਣ ਦੇ ਮਾਮਲੇ ਦੀ ਪੁਲਿਸ ਜਾਂਚ ਕਰ ਰਹੀ ਹੈ। ਟੋਰਾਂਟੋ ਪੁਲਿਸ ਨੂੰ ਰਾਤੀਂ 1:30 ਵਜੇ ਕਿਸੇ ਨੇ ਕਾਲ ਕਰਕੇ ਦੱਸਿਆ ਕਿ ਡੁਫੌਂਟ ਦੇ ਦੱਖਣ ਵੱਲ ਲੈਂਜ਼ਡਾਊਨ ਐਵਨਿਊ ਉੱਤੇ ਇੱਕ ਮਹਿਲਾ ਸੜਕ ਉੱਤੇ ਪਈ ਹੈ। ਜਦੋਂ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਇੱਕ 47 ਸਾਲਾ ਮਹਿਲਾ ਗੰਭੀਰ ਜ਼ਖ਼ਮੀ ਹਾਲਤ ਵਿੱਚ ਪਈ ਮਿਲੀ ਤੇ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਪੈਰਾਮੈਡਿਕਸ ਨੇ ਦੱਸਿਆ ਕਿ ਉਹ ਮੌਕੇ ਉੱਤੇ ਜ਼ਰੂਰ ਪਹੁੰਚੇ ਪਰ ਕਿਸੇ ਨੂੰ ਹਸਪਤਾਲ ਨਹੀਂ ਲਿਜਾਇਆ ਗਿਆ। ਪੁਲਿਸ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਹ ਮਹਿਲਾ ਸੜਕ ਉੱਤੇ ਕਿਵੇਂ ਪਹੁੰਚੀ। ਮਾਮਲੇ ਦੀ ਜਾਂਚ ਚੱਲਦੀ ਹੋਣ ਕਾਰਨ ਲੈਂਜ਼ਡਾਊਨ ਨੂੰ ਇਸ ਇਲਾਕੇ ਵਿੱਚ ਬੰਦ ਕੀਤਾ ਗਿਆ ਹੈ।

INSURANCE
○Home ○Auto
○Business ○Trucking
○Life Insurance ○Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

Locations: Woodbridge, Mississauga, Scarborough
YES! Immigration — Yes we can...
Celebrating 16 Years
16 ਸਾਲਾਂ ਤੋਂ ਤਹਾਡੀ ਸੇਵਾ ਵਿਚ
ਇਮਿਗਰੇਸ਼ਨ ਸੇਵਾਵਾਂ 10-20% Discount
ICCRC Raj Narang, Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca ksgpestcontrol@gmail.com
Amarjeet Singh Gill Certified & Licensed Exterminator

Dubai Jewellers
10% additional discount on gold and upto 50% on diamond.
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Raj & Gulshan Mob: 416-465-1200
www.dubaijewellers.ca info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop In!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER



chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# 60+ ਲੋਕਾਂ ਨੂੰ ਜਲਦ ਚੌਥੀ ਡੋਜ਼ ਲਾਉਣੀ ਸ਼ੁਰੂ ਕਰੇਗਾ ਓਨਟਾਰੀਓ



ਓਨਟਾਰੀਓ, 5 ਅਪਰੈਲ (ਪੋਸਟ ਬਿਊਰੋ) : 60 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਕੋਵਿਡ-19 ਵੈਕਸੀਨ ਦੀ ਚੌਥੀ ਡੋਜ਼ ਦੇਣ ਦੀ ਪ੍ਰੋਵਿੰਸ ਦੀ ਯੋਜਨਾ ਦਾ ਓਨਟਾਰੀਓ ਦੇ ਸਿਹਤ ਮੰਤਰੀ ਨੇ ਖੁਲਾਸਾ ਕਰਦਿਆਂ ਆਖਿਆ ਕਿ ਇਸ ਸਬੰਧੀ ਵੇਰਵੇ ਬੁੱਧਵਾਰ ਨੂੰ ਜਾਰੀ ਕੀਤੇ ਜਾਣਗੇ।

ਪ੍ਰੋਵਿੰਸ ਵਿੱਚ ਕੋਵਿਡ-19 ਵੈਕਸੀਨ ਦੀ ਚੌਥੀ ਡੋਜ਼ ਲਾਂਗ ਟਰਮ ਕੇਅਰ ਹੋਮਜ਼ ਤੇ ਰਿਟਾਇਰਮੈਂਟ ਹੋਮਜ਼ ਦੇ ਰੈਜ਼ੀਡੈਂਟਸ ਲਈ ਪਹਿਲਾਂ ਤੋਂ ਹੀ ਉਪਲਬਧ ਹੈ, ਇਸ ਦੇ ਨਾਲ ਹੀ ਇਮਿਊਨਕੰਪਰੋਮਾਈਜ਼ਡ ਲੋਕਾਂ ਲਈ ਵੀ ਇਹ ਚੌਥੀ ਡੋਜ਼ ਪਹਿਲਾਂ ਤੋਂ ਹੀ ਉਪਲਬਧ ਹੈ। ਇਸ ਤੋਂ ਪਹਿਲਾਂ ਦਿਨ ਵੇਲੇ ਇਮਿਊਨਾਈਜ਼ੇਸ਼ਨ ਬਾਰੇ ਨੈਸ਼ਨਲ ਐਡਵਾਈਜ਼ਰੀ ਕਮੇਟੀ ਨੇ ਆਖਿਆ ਕਿ ਆਉਣ ਵਾਲੇ ਹਫਤਿਆਂ ਵਿੱਚ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨੂੰ ਚੌਥੀ ਡੋਜ਼ ਦੇਣ ਦੀ ਤਿਆਰੀ ਕਰਨੀ ਚਾਹੀਦੀ ਹੈ।

ਫੋਰਡ ਸਰਕਾਰ ਵੱਲੋਂ ਇਹ ਅਪਡੇਟ ਉਸ ਸਮੇਂ ਆਈ ਹੈ ਜਦੋਂ ਪ੍ਰੋਵਿੰਸ ਵਿੱਚ ਇੱਕ ਵਾਰੀ ਫਿਰ ਹਸਪਤਾਲਾਂ ਵਿੱਚ ਲੋਕਾਂ ਦੇ ਦਾਖਲ ਹੋਣ ਦੀ ਤਾਦਾਦ ਵਿੱਚ ਵਾਧਾ ਹੋ ਰਿਹਾ ਹੈ, ਇਸ ਸਮੇਂ ਕੋਵਿਡ-19 ਦੇ ਮਾਮਲੇ ਫਰਵਰੀ ਦੇ ਅਖੀਰ ਤੋਂ ਬਾਅਦ ਸੱਭ ਤੋਂ ਜ਼ਿਆਦਾ ਹਨ।

# ਮਿਸੀਸਾਗਾ ਵਿੱਚ ਦਿਨ ਦਿਹਾੜੇ ਚੱਲੀ ਗੋਲੀ, 16 ਸਾਲਾ ਲੜਕਾ ਜ਼ਖ਼ਮੀ

ਮਿਸੀਸਾਗਾ, 5 ਅਪਰੈਲ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਦਿਨ ਦਿਹਾੜੇ ਚੱਲੀ ਗੋਲੀ ਕਾਰਨ ਇੱਕ ਟੀਨੇਜਰ ਲੜਕਾ (16 ਸਾਲਾ) ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਇਹ ਜਾਣਕਾਰੀ ਪੀਲ ਰੀਜਨਲ ਪੁਲਿਸ ਵੱਲੋਂ ਮੁਹੱਈਆ ਕਰਵਾਈ ਗਈ।




ਗੋਲੀਆਂ ਚੱਲਣ ਦੀ ਰਿਪੋਰਟ ਦੇ ਕੇ ਦੁਪਹਿਰੇ 3:00 ਵਜੇ ਕ੍ਰੈਡਿਟਵਿਊ ਰੋਡ ਤੇ ਬ੍ਰਿਟੈਨੀਆ ਰੋਡ ਵੈਸਟ ਏਰੀਆ ਵਿੱਚ ਸਥਿਤ ਟਾਊਨਹਾਊਸ ਕਾਂਪਲੈਕਸ ਵਿੱਚ ਜਾਂਚਕਾਰਾਂ ਨੂੰ ਸੱਦਿਆ ਗਿਆ। ਪੀਲ ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਇਸ ਸ਼ੂਟਿੰਗ ਵਿੱਚ 16 ਸਾਲਾ ਲੜਕਾ ਜ਼ਖ਼ਮੀ ਹੋ ਗਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ।

ਪੁਲਿਸ ਨੇ ਦੱਸਿਆ ਕਿ ਸ਼ੂਟਿੰਗ ਤੋਂ ਥੋੜ੍ਹੀ ਦੇਰ ਬਾਅਦ ਹੀ ਮਸ਼ਕੂਕਾਂ ਨੂੰ ਇਲਾਕੇ ਵਿੱਚੋਂ ਭੱਜਦਿਆਂ ਵੇਖਿਆ ਗਿਆ। ਉਨ੍ਹਾਂ ਦਾ ਕਿਸੇ ਤਰ੍ਹਾਂ ਦਾ ਵੇਰਵਾ ਮੁਹੱਈਆ ਨਹੀਂ ਕਰਵਾਇਆ ਗਿਆ।

# ਆਮ ਆਦਮੀ ਪਾਰਟੀ ਵਿਧਾਇਕ ਨੂੰ ਗੋਲੀ ਮਾਰਨ ਦੀ ਧਮਕੀ

ਲਹਿਰਾਗਾਗਾ, 5 ਅਪ੍ਰੈਲ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਹਲਕਾ ਲਹਿਰਾਗਾਗਾ ਦੇ ਵਿਧਾਇਕ ਵਰਿੰਦਰ ਗੋਇਲ ਨੂੰ ਉਨ੍ਹਾਂ ਦੇ ਨਿੱਜੀ ਮੋਬਾਈਲ ਫੋਨ ਉੱਤੇ ਗੋਲੀ ਮਾਰਨ ਦੀ ਧਮਕੀ ਦਿੱਤੀ ਗਈ ਹੈ। ਗੋਇਲ ਦੇ ਪੀ ਏ ਰਾਕੇਸ਼ ਕੁਮਾਰ ਗੁਪਤਾ ਨੇ ਦੱਸਿਆ ਕਿ ਕੱਲ੍ਹ ਉਹ ਲਗਾਤਾਰ ਰੁੱਝੇ ਹੋਏ ਸਨ ਕਿਉਂਕਿ ਉਹ ਨਰਾਤਿਆਂ ਦੇ ਕਾਰਨ ਜਗਰਾਤਿਆਂ ਵਿੱਚ ਹਾਜ਼ਰੀ ਲੁਆ ਰਹੇ ਸਨ।ਉਸ ਸਮੇਂ ਦੌਰਾਨ ਰਾਤੀ 9.20 ਵਜੇ ਫੋਨ ਆਇਆ, ਜੋ ਰਾਕੇਸ਼ ਕੋਲੋਂ ਨਾ ਚੁੱਕਿਆ ਗਿਆ। ਫਿਰ ਫੋਨ ਚੁੱਕਣ ਉੱਤੇ ਫੋਨ ਕਰਨ ਵਾਲੇ ਵਿਅਕਤੀ ਨੇ ਬਹੁਤ ਗੰਦੀ ਭਾਸ਼ਾ ਦੀ ਵਰਤੋਂ ਕੀਤੀ ਅਤੇ ਉਸ ਨੇ ਕਿਹਾ ਕਿ ਦੋ ਦਿਨਾਂ ਦੇ ਅੰਦਰ ਵਿਧਾਇਕ ਵਰਿੰਦਰ ਗੋਇਲ ਨੂੰ ਗੋਲੀ ਮਾਰ ਦਿੱਤੀ ਜਾਵੇਗੀ। ਪੰਜ-ਛੇ ਮਿੰਟ ਉਸ ਨਾਲ ਪੂਰੀ ਗਰਮਾ-ਗਰਮੀ ਵੀ ਹੋਈ ਤੇ ਰਾਕੇਸ਼ ਨੇ ਉਸ ਦਾ ਫੋਨ ਕੱਟ ਦਿੱਤਾ। ਉਨ੍ਹਾਂ ਪੁਲਸ ਨੂੰ ਸੂਚਨਾ ਦਿੱਤੀ। ਡੀ ਐਸ ਪੀ ਲਹਿਰਾ ਨੇ ਦੱਸਿਆ ਕਿ ਇਹ ਵਿਅਕਤੀ ਸੰਗਰੂਰ ਖੇਤਰ ਦਾ ਹੈ, ਜਿਸ ਦਾ ਛੇਤੀ ਪਤਾ ਲਾ ਲਿਆ ਜਾਵੇਗਾ।

# ਮਿਡਟਾਊਨ ਕ੍ਰੀਕ ਵਿੱਚ ਮਿਲੀ ਲਾਸ਼, ਪੁਲਸ ਮੁਤਾਬਕ ਮਾਮਲਾ ਸ਼ੱਕੀ



ਟੋਰਾਂਟੋ, 5 ਅਪਰੈਲ (ਪੋਸਟ ਬਿਊਰੋ) : ਡੀਅਰ ਪਾਰਕ ਦੇ ਨੇੜੇ ਮਿਡਟਾਊਨ ਟੋਰਾਂਟੋ ਵਿੱਚ ਇੱਕ ਕ੍ਰੀਕ ਵਿੱਚੋਂ ਮਿਲੀ ਲਾਸ਼ ਦੇ ਮਾਮਲੇ ਦੀ ਪੁਲਿਸ ਜਾਂਚ ਕਰ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਸਵੇਰੇ 8:45 ਉੱਤੇ ਯੰਗ ਸਟਰੀਟ ਤੇ ਹੀਥ ਸਟਰੀਟ ਈਸਟ ਉੱਤੇ ਨੇਚਰ ਟਰੇਲ ਉੱਤੇ ਸੱਦਿਆ ਗਿਆ। ਇੱਕ ਵਿਅਕਤੀ ਨੂੰ ਲਾਸ਼ ਪਾਣੀ ਵਿੱਚ ਨਜ਼ਰ ਆਈ ਤੇ ਉਸ ਵੱਲੋਂ ਅਧਿਕਾਰੀਆਂ ਨੂੰ ਇਸ ਬਾਰੇ ਜਾਣੂ ਕਰਵਾਇਆ ਗਿਆ। ਮਰੀਨ ਯੂਨਿਟ ਨੂੰ ਲਾਸ਼ ਪਾਣੀ ਵਿੱਚੋਂ ਬਾਹਰ ਕੱਢਣ ਲਈ ਸੱਦਿਆ ਗਿਆ।

ਕੌਰੋਨਰ ਆਫਿਸ ਨੂੰ ਮਾਮਲੇ ਦੀ ਜਾਂਚ ਕਰਨ ਲਈ ਸੱਦਿਆ ਗਿਆ ਹੈ। ਅਜੇ ਤੱਕ ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਪਰ ਪੁਲਿਸ ਇਸ ਮਾਮਲੇ ਨੂੰ ਸ਼ੱਕੀ ਮੰਨ ਕੇ ਚੱਲ ਰਹੀ ਹੈ।

# ਹੁਸ਼ਿਆਰਪੁਰ-ਜਲੰਧਰ ਫੋਰ-ਲੇਨ ਜ਼ਮੀਨ ਘੁਟਾਲੇ ਦੀ ਵਿਜੀਲੈਂਸ ਜਾਂਚ ਨਵੇਂ ਸਿਰਿਉਂ ਹੋਵੇਗੀ

ਹੁਸ਼ਿਆਰਪੁਰ, 5 ਅਪਰੈਲ, (ਪੋਸਟ ਬਿਊਰੋ)- ਬਹੁ ਚਰਚਿਤ ਹੁਸ਼ਿਆਰਪੁਰ ਜਲੰਧਰ ਫੋਰ-ਲੇਨ ਜ਼ਮੀਨ ਘੁਟਾਲੇ ਬਾਰੇ ਵਿਜੀਲੈਂਸ ਵੱਲੋਂ ਪੇਸ਼ ਕੀਤੀ ਗਈ ਕਲ਼ੋਜਰ ਰਿਪੋਰਟ ਨੂੰ ਲੁਧਿਆਣਾ ਦੀ ਅਦਾਲਤ ਨੇ ਰੱਦ ਕਰ ਕੇ ਇਸ ਘਪਲੇ ਦੀ ਨਵੇਂ ਸਿਰੇ ਤੋਂਜਾਂਚ ਦੇ ਹੁਕਮ ਦਿੱਤੇ ਹਨ, ਜਿਸ ਨਾਲ ਮੁੜ ਕੇਚਰਚਾਭਖਣ ਦੇ ਆਸਾਰ ਹਨ।

ਇਸ ਸੰਬੰਧ ਵਿੱਚ ਉਂਕਾਰ ਸਿੰਘ ਧਾਮੀ ਪਿੰਡ ਪਿੱਪਲਾਂ ਵਾਲਾ ਨੇ ਦੱਸਿਆ ਕਿ ਇਸ ਕੇਸਵਿੱਚਕੁਝ ਪ੍ਰਸ਼ਾਸਨਿਕ ਅਫਸਰਾਂ ਦੀ ਮਿਲੀਭੁਗਤ ਨਾਲ ਰਸੂਖਦਾਰ ਲੋਕਾਂ ਨੇ ਆਮ ਕਿਸਾਨਾਂ ਨਾਲ ਧੋਖਾ ਕਰ ਕੇ ਕਿਸਾਨਾਂ ਦੀਆਂ ਜ਼ਮੀਨਾਂ ਸਸਤੇ ਭਾਅ ਲੈਣ ਪਿੱਛੋਂ ਸਰਕਾਰ ਨੂੰ ਕਿਤੇ ਵੱਧ ਮਹਿੰਗੇ ਭਾਅ ਉੱਤੇ ਵੇਚ ਦਿੱਤੀਆਂ ਸਨ।

ਵਰਨਣ ਯੋਗ ਹੈ ਕਿ ਇਸ ਕੇਸਵਿੱਚਪ੍ਰਸ਼ਾਸਨਿਕ ਅਫਸਰਾਂ ਨਾਲ਼ ਓਦੋਂ ਅਕਾਲੀ ਦਲ ਬਾਦਲ ਦੇ ਵੱਡੇ ਆਗੂਆਂ ਅਵਤਾਰ ਸਿੰਘ ਜੌਹਲ ਮਾਰਕੀਟ ਕਮੇਟੀ ਚੇਅਰਮੈਨ, ਸਤਵਿੰਦਰਪਾਲ ਸਿੰਘ ਢੱਟ, ਹਰਪਿੰਦਰ ਸਿੰਘ ਗਿੱਲ, ਕਾਰੋਬਾਰੀ ਪ੍ਰਦੀਪ ਗੁਪਤਾ ਆਦਿ ਦੇ ਨਾਮ ਵੀ ਆਏ ਸਨ। ਇਸ ਕੇਸ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਦੋਸ਼ੀਆਂ ਦੀ 59 ਕਰੋੜ ਰੁਪਏ ਦੀ ਪ੍ਰਾਪਰਟੀਅਟੈਚ ਕੀਤੀ ਸੀ। ਵਿਜੀਲੈਂਸ ਨੇ ਇਸ ਦੀ ਕਲੋਜਰ ਰਿਪੋਰਟ ਪੇਸ਼ ਕਰ ਕੇ ਦੋਸ਼ੀਆਂ ਨੂੰ ਰਾਹਤ ਦੇ ਦਿੱਤੀ ਸੀ, ਪਰ ਇਸ ਦੇ ਖਿਲਾਫ ਉਂਕਾਰ ਸਿੰਘ ਧਾਮੀ, ਜਸਪਿੰਦਰ ਸਿੰਘ ਧਾਮੀ, ਜਗਰੂਪ ਸਿੰਘ ਧਾਮੀ, ਸੁਖਵਿੰਦਰ ਸਿੰਘ ਤੇ ਹਰਪ੍ਰੀਤ ਸਿੰਘ ਨੇ ਕੇਸ ਅਦਾਲਤ ਵਿੱਚ ਲਿਜਾ ਕੇ ਨਵੇਂ ਸਿਰਿਉਂ ਜਾਂਚ ਦੀ ਮੰਗ ਕੀਤੀ ਸੀ।






















### ਅੱਜ ਨਾਮਾ

ਕਣਕ ਲੱਗੀਆ ਮੰਡੀ ਨੂੰ ਆਉਣ ਬੇਲੀ,
ਪ੍ਰਬੰਧਾਂ ਵੱਲੋਂ ਆ ਅਜੇ ਤੱਕ ਢਿੱਲ ਬੇਲੀ।
ਆਉਂਦੇ ਆੜ੍ਹਤੀ ਵੇਖ ਕੇ ਨਿਕਲ ਜਾਂਦੇ,
ਕਹਿੰਦੇ ਫਸਲ ਦੇ ਵਿੱਚ ਹੈ ਗਿੱਲ ਬੇਲੀ।
ਜਦੋਂ ਤੀਕ ਸਰਕਾਰ ਨਾ ਆਪ ਆਉਂਦੀ,
ਖਾਤਾ ਖਰੀਦ ਦਾ ਰਹੂ ਬੱਸ ਨਿੱਲ ਬੇਲੀ।
ਓਧਰ ਲੁੱਟ ਕਿਸਾਨਾਂ ਦੀ ਕਰਨ ਖਾਤਰ,
ਲਾਇਆ ਦਿੱਸੇ ਦਲਾਲਾਂ ਨੇ ਟਿੱਲ ਬੇਲੀ।
ਸਾਲ ਬਦਲਦਾ ਤਾਂ ਬੇਸ਼ਕ ਬਦਲ ਜਾਵੇ,
ਸੁਧਰਦੀ ਨਹੀਂ ਕਿਸਾਨਾਂ ਦੀ ਜੂਨ ਬੇਲੀ।
ਮੁੜ੍ਹਕਾ ਖੇਤਾਂ ਦੇ ਵਿੱਚ ਵੀ ਨਿੱਤ ਡੋਲ੍ਹਣ,
ਜਾਂਦਾ ਮੰਡੀ ਵਿੱਚ ਖਿੱਚਿਆ ਖੂਨ ਬੇਲੀ।

**ਤੀਸ ਮਾਰ ਖਾਂ**

# ਐੱਸ ਵਾਈ ਐੱਲ ਮੁੱਦਾ, ਹਰਿਆਣਾ ਸਰਕਾਰ ਗੱਲ ਕਰਨੀ ਛੱਡ ਕੇ ਪੰਜਾਬ ਉੱਤੇ ਮਾਣਹਾਨੀ ਕੇਸ ਕਰਨ ਦੀ ਤਿਆਰੀ ਵਿੱਚ

ਚੰਡੀਗੜ੍ਹ, 5 ਅਪਰੈਲ, (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਵਿਚਾਲੇ ਤਨਾਅ ਵਿਵਾਦ ਵਧਣ ਪਿੱਛੋਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਤਰ ਨੇ ਕਹਿ ਦਿੱਤਾ ਹੈ ਕਿ ਸਤਲੁਜ-ਯਮੁਨਾ ਲਿੰਕਨਹਿਰ ਬਣਾਉਣ ਦੇ ਮੁੱਦੇਤੋਂ ਪੰਜਾਬ ਨਾਲ ਕੋਈ ਗੱਲਬਾਤ ਨਹੀਂ ਹੋਵੇਗੀ। ਮਿਲੀ ਜਾਣਕਾਰੀ ਅਨੁਸਾਰ ਹਰਿਆਣਾ ਸਰਕਾਰ ਇਸ ਕੇਸਵਿੱਚ ਪੰਜਾਬ ਸਰਕਾਰ ਦੇ ਖਿਲਾਫ ਸੁਪਰੀਮ ਕੋਰਟ ਦੀ ਮਾਣਹਾਨੀ ਦਾ ਕੇਸ ਦਾਇਰ ਕਰਨ ਦੀ ਤਿਆਰੀ ਕਰ ਰਹੀ ਹੈ।

ਅੱਜ ਮੰਗਲਵਾਰ ਨੂੰ ਹੋਏ ਹਰਿਆਣਾ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿੱਚ ਦੱਸਿਆ ਗਿਆ ਕਿ ਸੁਪਰੀਮ ਕੋਰਟ ਦੀਆਂ ਹਦਾਇਤਾਂ ਉੱਤੇ ਪਿਛਲੇ ਦੋ ਸਾਲਾਂ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਗੱਲਬਾਤ ਲਈਕਈ ਵਾਰ ਸੱਦਿਆ, ਪਰ ਪੰਜਾਬ ਨੇ ਹਰ ਵਾਰ ਟਾਲਦਿੱਤਾ ਸੀ। ਪੰਜਾਬ ਵਾਲੇ ਕਦੇ ਕੋਰੋਨਾ ਤੇ ਕਦੇ ਹੋਰ ਕਾਰਨ ਦੱਸਕੇ ਗੱਲਲਮਕਾਈ ਜਾਂਦੇ ਹਨਅਤੇਅੱਗੋਂ ਹਰਿਆਣਾ ਸਰਕਾਰ ਵੀ ਗੱਲਬਾਤਦੀ ਥਾਂਸਤਲੁਜ-ਯਮੁਨਾ ਲਿੰਕ (ਐੱਸਵਾਈਐਲ) ਨਹਿਰ ਦੀ ਉਸਾਰੀ ਨਾਲ ਸਬੰਧਤ ਹੁਕਮ ਲਾਗੂ ਕਰਾਉਣ ਲਈ ਸੁਪਰੀਮ ਕੋਰਟ ਵਿੱਚ ਅਰਜ਼ੀ ਦੇਣ ਦੀ ਤਿਆਰੀ ਵਿੱਚ ਹੈ, ਜਿਸ ਨਾਲ ਸੁਪਰੀਮ ਕੋਰਟ ਦੇ ਹੁਕਮਾਂ ਦੀ ਮਾਣਹਾਨੀ ਦੀ ਗੱਲ ਚੁੱਕੀ ਜਾਵੇਗੀ।



ਹਰਿਆਣਾ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿੱਚਅੱਜ ਐੱਸਵਾਈਐਲ ਦਾ ਮੁੱਦਾ ਭਾਰੂ ਰਿਹਾਅਤੇ ਇਸ ਮੌਕੇ ਸਾਬਕਾ ਮੁੱਖ ਮੰਤਰੀਆਂ ਚੌਧਰੀਦੇਵੀਲਾਲ, ਓਮਪ੍ਰਕਾਸ਼ ਚੌਟਾਲਾ, ਚੌਧਰੀ ਬੰਸੀਲਾਲ, ਚੌਧਰੀ ਭਜਨ ਲਾਲ, ਭੂਪੇਂਦਰ ਸਿੰਘ ਹੁੱਡਾ ਅਤੇ ਅੱਜਕੱਲ੍ਹ ਮਨੋਹਰ ਲਾਲ ਦੇ ਰਾਜ ਦੌਰਾਨ ਐੱਸਵਾਈਐਲ ਬਣਾਉਣ ਦੇ ਕੰਮ ਦੀ ਚਰਚਾ ਹੋਈ। ਇਹ ਮੁੱਦਾ ਇੰਨੇ ਸਾਲ ਲਟਕਾਉਣ ਦਾ ਦੋਸ਼ ਵੀ ਇਸ਼ਾਰਿਆਂ ਵਿਚ ਦੂਸਰੀਆਂ ਪਾਰਟੀਆਂ ਦੀਆਂ ਸਰਕਾਰਾਂ ਉੱਤੇ ਮੜ੍ਹ ਦਿੱਤਾ ਗਿਆ। ਵਿਰੋਧੀ ਧਿਰ ਦੇ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ, ਕਾਂਗਰਸੀ ਵਿਧਾਇਕਾਂ ਕਿਰਨ ਚੌਧਰੀ ਅਤੇ ਕੁਲਦੀਪ ਬਿਸ਼ਨੋਈ ਤੇ ਇਨੈਲੋ ਪਾਰਟੀ ਦੇ ਵਿਧਾਇਕ ਅਭੈ ਸਿੰਘ ਚੌਟਾਲਾ ਨੇ ਮੌਜੂਦਾ ਭਾਜਪਾ ਸਰਕਾਰ ਵੱਲੋਂ ਐੱਸਵਾਈਐੱਲ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਲਾਗੂ ਕਰਨ ਲਈ ਚੁੱਕੇ ਗਏ ਕਦਮਾਂ ਦਾ ਲੇਖਾ ਮੰਗਿਆ।

ਇਸ ਉੱਤੇਮੁੱਖ ਮੰਤਰੀ ਮਨੋਹਰ ਲਾਲ ਨੇ ਸਦਨ ਨੂੰ ਦੱਸਿਆ ਕਿ ਸਾਲ 2002 ਵਿੱਚ ਸੁਪਰੀਮ ਕੋਰਟ ਨੇ ਐੱਸਵਾਈਐਲ ਉੱਤੇ ਹਰਿਆਣਾ ਦੇ ਹੱਕ ਵਿੱਚ ਫੈਸਲਾ ਦੇਦਿੱਤਾ ਸੀ। ਇਸ ਪਿੱਛੋਂ 2003 ਵਿੱਚ ਕੇਂਦਰ ਸਰਕਾਰ ਦੇ ਲੋਕ ਨਿਰਮਾਣ ਵਿਭਾਗ (ਸੀਪੀਡਬਲਿਊਡੀ) ਨੂੰ ਇਹ ਨਹਿਰ ਬਣਾਉਣ ਦਾ ਜ਼ਿੰਮਾ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਪੰਜਾਬ ਸਰਕਾਰ ਨੇ ਗੈਰ ਕਾਨੂੰਨੀ ਐਕਟ ਪਾਸ ਕਰਕੇ ਸਾਰੇ ਸਮਝੌਤੇ ਰੱਦ ਕਰ ਦਿੱਤੇ ਅਤੇ ਸਾਲ 2004 ਤੋਂ 2016 ਤੱਕ ਕੇਸ ਲਟਕਦਾ ਰਿਹਾ। ਸਾਲ 2016ਵਿੱਚ ਸੁਪਰੀਮ ਕੋਰਟ ਨੇ ਸਤਲੁਜ ਦੇ ਪਾਣੀ ਉੱਤੇ ਹਰਿਆਣਾ ਦਾ ਹੱਕ ਫਿਰ ਮੰਨ ਲਿਆ, ਪਰ ਅਜੇ ਇਸ ਉੱਤੇ ਅਮਲ ਦਾ ਹੁਕਮ ਨਹੀਂ ਮਿਲਿਆ। ਵਿਰੋਧੀ ਧਿਰ ਦੇ ਨੇਤਾ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਕਿ ਨਹਿਰ ਬਣਾਉਣਵਿੱਚ ਦੇਰੀ ਕਰਨ ਵਾਲਿਆਂ ਉੱਤੇ ਮਾਣਹਾਨੀ ਕੇਸ ਕਰਨਾ ਚਾਹੀਦਾ ਹੈ। ਜਵਾਬਵਿੱਚਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਕਾਨੂੰਨੀ ਸਲਾਹ ਲੈਣੀ ਪਵੇਗੀ ਕਿਮਾਣਹਾਨੀ ਕੇਸਕੀਹਦੇ ਉੱਤੇ ਕੀਤਾ ਜਾਵੇ।

ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਸਾਲ 2016 ਵਿੱਚਐੱਸਵਾਈਐਲ ਦਾ ਫੈਸਲਾ ਸਾਡੇ ਹੱਕ ਦਾ ਆਉਣ ਤੋਂ ਅੱਜ ਤੱਕ ਸੁਪਰੀਮ ਕੋਰਟ ਨੇ 41 ਵਾਰ ਐਗਜ਼ੀਕਿਊਸ਼ਨ ਆਰਡਰਾਂਦੀ ਸੁਣਵਾਈ ਕੀਤੀ ਹੈ, ਪਰ ਉਸਾਰੀ ਦਾ ਐਗਜ਼ੀਕਿਊਸ਼ਨ ਆਰਡਰਸੁਪਰੀਮ ਕੋਰਟ ਤੋਂ ਲੈਣਾ ਪਵੇਗਾ। ਇਸਦੀ ਛੇਤੀ ਸੁਣਵਾਈ ਲਈ ਅਰਜ਼ੀ ਦਾਇਰ ਕੀਤੀ ਹੈ। ਇਸ ਤੋਂ ਇਲਾਵਾ ਰਾਜ ਸਰਕਾਰ ਸੁਪਰੀਮ ਕੋਰਟ ਨੂੰ ਲਿਖ ਕੇ ਦੇਵੇਗੀ ਕਿ ਮੁੱਖ ਮੰਤਰੀ ਪੰਜਾਬ ਨਾਲ ਮੀਟਿੰਗ ਸੰਭਵ ਨਾ ਹੋਣ ਕਰ ਕੇ ਸੁਪਰੀਮ ਕੋਰਟ ਨੂੰ ਖੁਦਹੁਕਮ ਦੇਣਾ ਚਾਹੀਦਾ ਹੈ।

# ਭਗਵੰਤ ਮਾਨ ਵੱਲੋਂ ਐਂਟੀ ਗੈਂਗਸਟਰ ਟਾਸਕ ਫੋਰਸ ਗਠਨ ਕਰਨ ਦਾ ਐਲਾਨ

*** ਜੇਲ ਵਿੱਚ ਬੰਦ ਮਜੀਠੀਆ ਦੀ ਜਾਨ ਨੂੰ ਗੈਂਗਸਟਰਾਂ ਤੋਂ ਖਤਰਾ**

ਚੰਡੀਗੜ੍ਹ, 5 ਅਪਰੈਲ, (ਪੋਸਟ ਬਿਊਰੋ)- ਪੰਜਾਬ ਵਿੱਚਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਅਤੇ ਗੈਂਗਸਟਰਾਂ ਦੇ ਖਿਲਾਫ ਆਮ ਆਦਮੀ ਪਾਰਟੀ ਦੀ ਸਰਕਾਰ ਇੱਕ ਸਖਤ ਰਣਨੀਤੀ ਧਾਰਨ ਕਰਨ ਲੱਗੀ ਹੈ।ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜਐਲਾਨ ਕੀਤਾ ਹੈ ਕਿ ਪੰਜਾਬ ਵਿੱਚ ਗੈਂਗਸਟਰ ਵਿਰੋਧੀ ਟਾਸਕ ਫੋਰਸ ਬਣਾਈ ਜਾਵੇਗੀ।



ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਾਨੂੰਨ ਵਿਵਸਥਾ ਦੇ ਮੁੱਦੇ ਉੱਤੇ ਵਿਚਾਰ ਲਈ ਪੁਲਿਸ ਅਫਸਰਾਂ ਦੀ ਮੀਟਿੰਗ ਬੁਲਾਈ ਸੀ, ਜਿਸ ਵਿਚ ਸਖਤ ਫੈਸਲੇ ਲਏ ਹਨ। ਇਸ ਤੋਂ ਇੱਕ ਦਿਨ ਪਹਿਲਾਂ ਭਗਵੰਤ ਮਾਨ ਨੇ ਰਾਜਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਦਫ਼ਤਰਾਂਵਿੱਚ ਬੈਠਣ ਦੀ ਥਾਂ ਪਿੰਡਾਂ ਵਿੱਚ ਜਾ ਕੇ ਲੋਕ ਮਿਲਣੀਆਂ ਕਰਨ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਮੌਕੇ ਉੱਤੇ ਸੁਲਝਾਉਣ ਦੇ ਹੁਕਮ ਦਿੱਤੇ ਸਨ। ਉਨ੍ਹਾਂ ਨੇ ਡਿਪਟੀ ਕਮਿਸ਼ਨਰਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਅੱਖਾਂ ਤੇ ਕੰਨ ਦੱਸਦਿਆਂ ਕਿਹਾ ਸੀ ਕਿ ਉਹ ਸਰਕਾਰ ਦਾ ਅਸਲ ਚਿਹਰਾ ਹਨ, ਜਿਨ੍ਹਾਂ ਦਾ ਆਮ ਲੋਕਾਂ ਨਾਲ ਸਿੱਧਾ ਵਾਹ ਪੈਂਦਾ ਹੈ, ਇਸ ਲਈ ਉਨ੍ਹਾਂ ਸਾਂਝ ਕੇਂਦਰਾਂ ਦੀ ਅਚਨਚੇਤੀ ਜਾਂਚ ਕਰਨ ਆਦਿ ਲਈ ਕਿਹਾ ਸੀ।

ਦੂਸਰੇ ਪਾਸੇ ਡਰੱਗ ਕੇਸ ਦੇ ਦੋਸ਼ ਵਿੱਚ ਪਟਿਆਲਾ ਜੇਲ ਵਿਚ ਬੰਦ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਗੈਂਗਸਟਰਾਂ ਅਤੇ ਅੱਤਵਾਦੀਆਂ ਤੋਂ ਜਾਨ ਦਾ ਖ਼ਤਰਾ ਦੱਸਿਆ ਹੈ। ਅੱਜ ਮੁਹਾਲੀ ਅਦਾਲਤ ਵਿੱਚ ਵੀਡੀਓ ਰਾਹੀਂ ਪੇਸ਼ੀ ਦੌਰਾਨ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਉਨ੍ਹਾਂ ਨੂੰ ਗੈਂਗਸਟਰਾਂ ਅਤੇ ਅੱਤਵਾਦੀਆਂ ਤੋਂ ਜਾਨ ਦਾ ਖ਼ਤਰਾ ਹੈ। ਇਸ ਬਾਰੇ ਮਜੀਠੀਆ ਨੇ ਵਕੀਲ ਰਾਹੀਂ ਅਦਾਲਤ ਨੂੰ ਅਰਜ਼ੀ ਦੇ ਕੇ ਆਪਣੀ ਪੁਰਾਣੀ ਬੈਰਕ ਵਿਚ ਸ਼ਿਫਟ ਕਰਨ ਦੀ ਅਪੀਲ ਕੀਤੀ ਤੇ ਕਿਹਾ ਕਿ ਉਨ੍ਹਾਂ ਨੂੰ ਕਦੇ ਕਿਤੇ ਤੇ ਕਦੇ ਕਿਤੇ ਸ਼ਿਫਟ ਕੀਤਾ ਜਾ ਰਿਹਾ ਹੈ। ਜਿਸ ਜੇਲ ਵਿਚ ਉਹ ਬੰਦ ਹਨ, ਉਥੇ ਗੈਂਗਸਟਰ ਤੇ ਅੱਤਵਾਦੀ ਵੀ ਹਨ, ਜਿਨ੍ਹਾਂ ਤੋਂ ਉਨ੍ਹਾਂ ਨੂੰ ਜਾਨ ਦਾ ਖ਼ਤਰਾ ਹੈ, ਇਸ ਲਈ ਉਨ੍ਹਾਂ ਨੂੰ ਪਹਿਲਾਂ ਵਾਲੀ ਸਪੈਸ਼ਲ ਬੈਰਕ ਵਿਚ ਸ਼ਿਫਟ ਕੀਤਾ ਜਾਵੇ।

# ਕਿਸਾਨ-ਮਜ਼ਦੂਰ ਆਗੂਆਂ ਦੀ ਭਗਵੰਤ ਮਾਨ ਨਾਲ ਮੀਟਿੰਗ, ਅਫਸਰਾਂ ਵਿਰੁੱਧ ਕਾਰਵਾਈ ਦਾ ਭਰੋਸਾ

ਚੰਡੀਗੜ੍ਹ, 5 ਅਪਰੈਲ, (ਪੋਸਟ ਬਿਊਰੋ)- ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਮੰਗਾਂ ਬਾਰੇ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਤੇ ਪੰਜਾਬ ਖੇਤ ਮਜ਼ਦੂਰਯੂਨੀਅਨ ਦੇ ਵਫ਼ਦ ਨੇ ਅੱਜਮੰਗਲਵਾਰ ਮੁੱਖ ਮੰਤਰੀ ਭਗਵੰਤ ਮਾਨ ਨਾਲ ਉਨ੍ਹਾਂ ਦੀ ਰਿਹਾਇਸ਼ ਉੱਤੇ ਮੁਲਾਕਾਤ ਕੀਤੀਥਾਂ ਹੋਰ ਮੰਗਾਂ ਦੇ ਨਾਲ ਕਿਸਾਨਾਂ-ਮਜ਼ਦੂਰਾਂ ਉੱਤੇ ਲਾਠੀਚਾਰਜ ਦੇਜ਼ਿੰਮੇਵਾਰ ਡਿਪਟੀ ਕਮਿਸ਼ਨਰ ਮੁਕਤਸਰ ਸਾਹਿਬ, ਡੀਐੱਸਪੀ ਮਲੋਟ ਤੇ ਪਿਛਲੀ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਵੇਲੇ ਲੰਬੀ ਵਿਖੇ ਬੇਰੁਜ਼ਗਾਰਾਂ ਉੱਤੇ ਲਾਠੀਚਾਰਜ ਕਰਨ ਵਾਲੇ ਡੀਐੱਸਪੀ ਉੱਤੇ ਕਾਰਵਾਈਦੀ ਮੰਗ ਕੀਤੀ ਗਈ। ਮੁੱਖ ਮੰਤਰੀ ਨੇ ਕਾਰਵਾਈ ਦਾ ਭਰੋਸਾ ਦਿੱਤਾ ਹੈ।ਇਨ੍ਹਾਂਆਗੂਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਜ਼ਿਲ੍ਹਾ ਮੁਕਤਸਰ ਸਾਹਿਬਦੀ ਨਰਮੇ ਦੀ ਕੁੱਲ ਫਸਲ ਦਾ ਨੁਕਸਾਨ 50 ਫੀਸਦੀ ਮੰਨ ਕੇ ਮੁਆਵਜ਼ਾ, ਮਜ਼ਦੂਰਾਂ ਨੂੰ ਨਰਮਾ ਚੁਗਣ ਦਾ ਦਸ ਫੀਸਦੀ ਮੁਆਵਜ਼ਾ ਤੇਮਜ਼ਦੂਰਾਂ ਦੀ ਪਛਾਣ ਪਿੰਡਾਂਵਿੱਚ ਆਮ ਇਕੱਠੇ ਵਿੱਚ ਕਰਨ ਅਤੇ ਮਜ਼ਦੂਰਾਂ ਕਿਸਾਨਾਂ ਉੱਤੇਬਣੇ ਕੇਸ ਵਾਪਸ ਲੈਣ ਦੀ ਮੰਗ ਕੀਤੀ।ਕਿਸਾਨ ਆਗੂ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਇਹ ਮੰਗਾਂ ਮੰਨ ਲਈਆਂ ਅਤੇ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਚੱਲਦਾ ਅਣਮਿੱਥੇ ਸਮੇਂ ਦਾ ਧਰਨਾ ਚੁੱਕ ਦਿੱਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਕਿਸਾਨ ਆਗੂਆਂ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਓਦੋਂ ਦੇ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਨੇ ਗੁਲਾਬੀ ਸੁੰਡੀ ਨਾਲ ਖਰਾਬ ਹੋਏ ਨਰਮੇ ਦੀ ਸਹੀ ਗਿਰਦਾਵਰੀਜਾਣਬੁੱਝ ਕੇ ਨਹੀਂ ਸੀ ਕਰਵਾਈ, ਨਰਮਾ ਚੁਗਣ ਵਾਲੇ ਮਜ਼ਦੂਰਾਂ ਦੀ ਪਛਾਣ ਦਾ ਕੰਮ ਵੀ ਨਹੀਂ ਕਰਾਇਆ ਤੇ ਮੁਆਵਜ਼ੇ ਤੋਂ ਬਾਹਰ ਰੱਖੇ ਹੱਕਦਾਰ ਕਿਸਾਨਾਂ ਤੇ ਮਜ਼ਦੂਰਾਂ ਨੂੰ ਮੁਆਵਜ਼ਾ ਸੂਚੀਵਿੱਚਪਾਉਣ ਦੀ ਮੰਗ ਕਰਦੇ ਲੋਕਾਂ ਉਤੇ ਪੁਲਿਸ ਲਾਠੀਚਾਰਜ ਕਰਾਇਆ ਅਤੇ ਆਪਣੇ ਦਫਤਰ ਦੇ ਮੁਲਾਜ਼ਮਾਂ ਤੋਂ ਵੀ ਹਮਲਾ ਕਰਵਾਇਆ। ਉਨ੍ਹਾਂ ਡੀਐੱਸਪੀ ਮਲੋਟ ਉਤੇ ਲਾਠੀਚਾਰਜ ਕਰਕੇ ਛੇ ਕਿਸਾਨਾਂ ਅਤੇ ਇਕ ਖੇਤ ਮਜ਼ਦੂਰਆਗੂ ਨੂੰ ਜ਼ਖ਼ਮੀ ਕਰਨ ਦੇ ਨਾਲਮਜ਼ਦੂਰਆਗੂ ਨੂੰ ਜਾਤੀ ਸੂਚਕ ਸ਼ਬਦ ਕਹਿਣ ਦੇ ਦੋਸ਼ ਲਾਏ।ਇਨ੍ਹਾਂ ਆਗੂਆਂ ਦੀ ਨਰਮੇ ਦੇ ਖਰਾਬੇ ਦਾ ਬਾਕੀ ਜ਼ਿਲ੍ਹਿਆਂਵਿੱਚਮਜ਼ਦੂਰਾਂ ਕਿਸਾਨਾਂ ਨੂੰ ਵੰਡਣ ਤੋਂ ਰਹਿੰਦਾ ਮੁਆਵਜ਼ਾ ਦੇਣ ਦੀ ਮੰਗ ਉੱਤੇਮੁੱਖ ਮੰਤਰੀ ਨੇ ਪ੍ਰਭਾਵੀ ਅਮਲ ਕਰਨ ਦਾ ਭਰੋਸਾ ਦਿੱਤਾ।

# ਫੌਜ ਵੱਲੋਂ ਮੋੜੀਆਂ ਚੀਜ਼ਾਂ ਬਾਰੇ ਹਾਈ ਕੋਰਟ ਨੇ ਸ਼੍ਰੋਮਣੀ ਕਮੇਟੀ ਕੋਲੋਂ ਜਵਾਬ ਮੰਗ ਲਿਆ

ਚੰਡੀਗੜ੍ਹ, 5 ਅਪਰੈਲ, (ਪੋਸਟ ਬਿਊਰੋ)- ਅਪਰੇਸ਼ਨ ਬਲਿਊ ਸਟਾਰ ਤੋਂ ਬਾਅਦ ਭਾਰਤੀ ਫੌਜ, ਜਾਂਚ ਏਜੰਸੀ ਸੀਬੀਆਈ ਅਤੇ ਕੇਂਦਰ ਸਰਕਾਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪੇ ਗਏ ਖਰੜਿਆਂ, ਧਾਰਮਿਕ ਗ੍ਰੰਥਾਂ ਅਤੇ ਹੋਰ ਵਸਤਾਂ ਦੀ ਜਾਣਕਾਰੀ ਸਾਂਝੀ ਕਰਨ ਦੀ ਮੰਗ ਉੱਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਅਗਲੀ ਤਰੀਕ ਤੱਕ ਜਵਾਬ ਮੰਗ ਲਿਆ ਹੈ।

ਆਪਣੇ ਆਪ ਨੂੰ ਸਿੱਖ ਸ਼ਰਧਾਲੂ ਦੱਸਦੇ ਹੋਏ ਸਤਿੰਦਰ ਸਿੰਘ ਨੇ ਕਿਹਾ ਕਿ ਆਪਰੇਸ਼ਨ ਬਲਿਊ ਸਟਾਰ ਵੇਲੇਦੇਸ਼ ਦੀ ਫੌਜ ਨੇ ਕੁਝ ਵਸਤਾਂ ਸਿੱਖ ਰੈਫਰੈਂਸ ਲਾਇਬ੍ਰੇਰੀ, ਤੋਸ਼ਾਖਾਨਾ, ਸੈਂਟਰਲ ਸਿੱਖ ਮਿਊਜ਼ੀਅਮ ਤੇ ਸ੍ਰੀ ਹਰਮੰਦਰ ਸਾਹਿਬ ਮੰਦਰ ਕੰਪਲੈਕਸਵਿਚਲੀ ਗੁਰੂ ਰਾਮਦਾਸ ਲਾਇਬ੍ਰੇਰੀ ਤੋਂ ਸੀਜ ਕੀਤੀਆਂ ਸਨ। ਇਸਪਿੱਛੋਂ ਵੱਖ-ਵੱਖ ਸਮੇਂ ਇਹ ਵਸਤਾਂ ਸ਼੍ਰੋਮਣੀ ਕਮੇਟੀ ਨੂੰ ਸੌਂਪੀਆਂ ਗਈਆਂ ਸਨ। ਸਤਿੰਦਰ ਸਿੰਘ ਦੇ ਵਕੀਲ ਗੁਰਸ਼ਰਨ ਮਾਨ ਨੇ ਹਾਈ ਕੋਰਟ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ, ਕੇਂਦਰ ਸਰਕਾਰ ਅਤੇ ਹੋਰ ਧਿਰਾਂ ਨੂੰ ਨਿਰਦੇਸ਼ ਦਿੱਤੇ ਜਾਣ ਕਿ ਉਨ੍ਹਾਂ ਸਭ ਵਸਤਾਂ ਦੀ ਸੂਚੀ ਤਿਆਰ ਕੀਤੀ ਜਾਵੇ, ਜਿਨ੍ਹਾਂ ਨੂੰ ਆਪਰੇਸ਼ਨ ਬਲਿਊ ਸਟਾਰ ਵੇਲੇ ਜ਼ਬਤ ਕੀਤਾ ਗਿਆ ਤੇ ਜਿਹੜੀਆਂ ਵਸਤਾਂ ਬਾਅਦ ਵਿੱਚ ਵਾਪਸ ਕੀਤੀਆਂ ਗਈਆਂ ਹਨ, ਉਨ੍ਹਾਂ ਨੂੰ ਉਨ੍ਹਾਂ ਦੀ ਜਗ੍ਹਾਰੱਖਣ ਤੋਂ ਪਹਿਲਾਂ ਉਨ੍ਹਾਂ ਦੀ ਸੂਚੀ ਤਿਆਰ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੀਆਂ ਵਸਤਾਂ ਨੂੰ ਦਰਸ਼ਨ, ਅਧਿਐਨ ਤੇ ਖੋਜ ਲਈ ਜਨਤਕ ਕੀਤਾ ਜਾਣਾ ਚਾਹੀਦਾ ਹੈ।

ਪਟੀਸ਼ਨਕਰਤਾ ਨੇ ਕਿਹਾ ਕਿ ਜ਼ਬਤ ਕੀਤੀਆਂ ਜਿਹੜੀਆਂ ਵਸਤਾਂ ਅੱਜ ਤੱਕ ਭਾਰਤੀ ਫੌਜ ਜਾਂ ਸਰਕਾਰ ਨੇ ਨਹੀਂ ਮੋੜੀਆਂ, ਉਨ੍ਹਾਂ ਦੀ ਸ਼੍ਰੋਮਣੀ ਕਮੇਟੀ ਨੂੰ ਪ੍ਰਵਾਹ ਨਹੀਂ ਤੇ ਦੁਰਲੱਭ ਵਸਤਾਂ ਗੁਆਚਣ ਲਈ ਸ਼੍ਰੋਮਣੀ ਕਮੇਟੀ ਦਾ ਢਿੱਲਾ ਰੁਖ ਜ਼ਿੰਮੇਵਾਰ ਹੈ।

# ਇਮਰਾਨ ਖਾਨ ਵੱਲੋਂ ਆਪਣੇ ਵਿਰੁੱਧ ਵਿਦੇਸ਼ੀ ਸਾਜਿਸ਼ ਦਾ ਰੌਲਾ ਪਾਕਿ ਫ਼ੌਜ ਨੇ ਨਕਾਰਿਆ

*** ਫੌਜ ਨੇ ਕਿਹਾ: ਸਰਕਾਰ ਡੇਗਣ ਵਿੱਚ ਅਮਰੀਕਾ ਦਾ ਕੋਈ ਹੱਥ ਨਹੀਂ**
*** ਕੋਰਟ ਨੇ ਕਿਹਾ: ਸਪੀਕਰ ਬੇਭਰੋਸਗੀ ਦਾ ਫੈਸਲਾ ਨਹੀਂ ਦੇ ਸਕਦਾ**

ਇਸਲਾਮਾਬਾਦ, 5 ਅਪਰੈਲ, (ਪੋਸਟ ਬਿਊਰੋ)- ਪਾਕਿਸਤਾਨੀ ਫ਼ੌਜ ਨੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਉਸ ਬਿਆਨ ਦਾ ਖੰਡਨ ਕੀਤਾ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਸਰਕਾਰ ਡੇਗਣ ਪਿੱਛੇ ਅਮਰੀਕਾ ਦੀ ਸਾਜ਼ਿਸ਼ ਹੈ।

ਇਸ ਦੇਸ਼ ਦੀ ਤਾਕਤਵਰ ਫੌਜ ਨੇ ਅੱਜ ਸਾਫ ਕਿਹਾ ਕਿ ਅਮਰੀਕਾ ਦਾ ਦੇਸ਼ ਦੇ ਅੰਦਰੂਨੀ ਮਾਮਲਿਆਂਵਿੱਚ ਕੋਈ ਦਖਲ ਨਹੀਂ ਹੈ। ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਅਗਵਾਈ ਵਾਲੀ ਰਾਸ਼ਟਰੀ ਸੁਰੱਖਿਆ ਕਮੇਟੀ ਦੀ ਬੈਠਕ 27 ਮਾਰਚ ਨੂੰ ਹੋਈ ਸੀ ਤੇ ਪਾਕਿ ਫ਼ੌਜ ਨੇ ਐਤਵਾਰ ਨੂੰ ਅਧਿਕਾਰਤ ਬਿਆਨ ਦਿੱਤਾ ਸੀ ਕਿ ਉਸ ਦਾ ਦੇਸ਼ਵਿਚਲੇ ਸਿਆਸੀ ਹਾਲਾਤ ਨਾਲ ਲੈਣਾ-ਦੇਣਾ ਨਹੀਂ।ਵਰਨਣ ਯੋਗ ਹੈ ਕਿ ਫੌਜ ਨੇ ਦੇਸ਼ਬਣਨ ਪਿੱਛੋਂ ਅੱਜ ਤੱਕ ਦਾ ਅੱਧੇ ਤੋਂ ਵੱਧ ਸਮਾਂ ਰਾਜ ਕੀਤਾ ਹੋਇਆ ਹੈ ਤੇਉਹ ਦੇਸ਼ ਦੀ ਸੁਰੱਖਿਆ ਤੇ ਵਿਦੇਸ਼ ਨੀਤੀ ਵਿੱਚ ਵੀ ਦਖਲ ਦਿੰਦੀ ਹੈ। 8 ਮਾਰਚ ਨੂੰ ਦੇਸ਼ਵਿੱਚ ਸਿਆਸੀ ਹਲਚਲ ਉਦੋਂ ਵਧ ਗਈ, ਜਦੋਂ ਵਿਰੋਧੀ ਧਿਰ ਨੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਖਿਲਾਫ ਬੇਭਰੋਸਗੀ ਮਤਾ ਰੱਖਣ ਦਾ ਐਲਾਨ ਕੀਤਾ ਸੀ। ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਇਸ ਨੂੰ ਵਿਦੇਸ਼ੀ ਸਾਜ਼ਿਸ਼ ਦੱਸਿਆ ਅਤੇ ਉਨ੍ਹਾ ਮੁਤਾਬਕ ਫ਼ੌਜ ਦੀ ਸਿਖਰਲੀ ਕਮਾਂਡ ਨੇ ਬੀਤੇ ਹਫ਼ਤੇ ਬੈਠਕ ਵਿੱਚ ਉਨ੍ਹਾਂ ਨੂੰ ਸਿਆਸੀ ਅੜਿੱਕਾ ਦੂਰ ਕਰਨਦੇ ਤਿੰਨ ਬਦਲਦੱਸੇ ਸਨ। ਇਨ੍ਹਾਂ ਤਿੰਨਾਂਵਿੱਚ ਅਸਤੀਫਾ ਦੇਣਾ, ਬੇਭਰੋਸਗੀ ਮਤੇ ਦਾ ਸਾਹਮਣਾ ਕਰਨਾ ਜਾਂ ਜਲਦੀ ਚੋਣਾਂ ਕਰਵਾਉਣਾ ਸ਼ਾਮਲ ਸੀ।

'ਦ ਨਿਊਜ਼ ਇੰਟਰਨੈਸ਼ਨਲ' ਦੀ ਰਿਪੋਰਟ ਮੁਤਾਬਕ ਫੌਜ ਨੇ ਇਸ ਦਾਅਵੇ ਦਾ ਖੰਡਨ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਕੋਈ ਬਦਲ ਨਹੀਂ ਹੈ, ਇਸ ਦੀ ਥਾਂ ਸਰਕਾਰ ਨੇ ਉੱਚ ਅਧਿਕਾਰੀਆਂ ਨੂੰ ਬੁਲਾ ਕੇਮੌਜੂਦਾ ਸਿਆਸੀ ਹਾਲਾਤ ਉੱਤੇ ਚਰਚਾ ਕਰਨ ਦਾ ਸੱਦਾ ਦਿੱਤਾ ਸੀ। ਪਾਕਿਸਤਾਨ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਅਤੇ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈਐੱਸਆਈ) ਦੇ ਡਾਇਰੈਕਟਰ ਜਨਰਲ ਨੇ ਪ੍ਰਧਾਨ ਮੰਤਰੀ ਇਮਰਾਨ ਖਾਨ ਨਾਲ ਬੈਠਕ ਕੀਤੀ ਸੀ। ਫ਼ੌਜ ਨੇ ਦੇਸ਼ ਦੀ ਸਰਕਾਰ ਦੇਉਲਟ ਅਮਰੀਕਾ ਦੀ ਤਾਰੀਫ਼ ਕੀਤੀ ਅਤੇ ਜਨਰਲ ਬਾਜਵਾ ਨੇ ਕਿਹਾ ਕਿ ਪਾਕਿ-ਸਤਾਨ ਤੇ ਅਮਰੀਕਾ ਦੇਵਿਆਪਕ ਇਤਿਹਾਸਕ ਤੇ ਰਣਨੀਤਕ ਸਬੰਧ ਹਨ।ਇਮਰਾਨ ਖਾਨ ਨੇ ਅਮਰੀਕਾ ਉੱਤੇਦੋਸ਼ ਲਾਇਆਸੀ ਕਿ ਵਾਸ਼ਿੰਗਟਨ ਤੋਂ ਭੇਜੇ ਪੱਤਰਵਿੱਚ ਕਿਹਾ ਗਿਆ ਸੀ ਕਿ ਜੇ ਇਮਰਾਨ ਖਾਨ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਰਹੇ ਤਾਂ ਦੇਸ਼ ਨਾਲ ਸਾਡੇ ਸਬੰਧ ਵਿਗੜ ਜਾਣਗੇ ਅਤੇ ਜੇ ਇਮਰਾਨ ਦੀ ਸਰਕਾਰ ਡਿੱਗਦੀ ਹੈ ਤਾਂ ਸੰਬੰਧ ਬਚੇ ਰਹਿਣਗੇ।

ਦੂਸਰੇ ਪਾਸੇ ਅੱਜ ਪਾਕਿਸਤਾਨ ਦੀ ਸੁਪਰੀਮ ਕੋਰਟਵਿੱਚਪਾਰਲੀਮੈਂਟ ਨੂੰ ਭੰਗ ਕਰਨ ਵਿਰੁੱਧ ਸੁਣਵਾਈ ਦੌਰਾਨ ਕੋਰਟ ਨੇ ਸੰਵਿਧਾਨ ਦਾ ਹਵਾਲਾ ਦੇ ਕੇ ਕਿਹਾ ਕਿ ਪਾਰਲੀਮੈਂਟਦਾ ਡਿਪਟੀ ਸਪੀਕਰ ਬੇਭਰੋਸਗੀ ਮਤੇ ਬਾਰੇ ਫੈਸਲਾ ਨਹੀਂ ਦੇ ਸਕਦਾ। ਵਿਰੋਧੀ ਧਿਰ ਨੇ ਪਾਰਲੀਮੈਂਟ ਭੰਗ ਕਰਨ ਵਿਰੁੱਧ ਕੇਸ ਦੀ ਸੁਣਵਾਈ ਲਈ ਸੁਪਰੀਮ ਕੋਰਟ ਦੇ ਫੁੱਲ ਕੋਰਟ ਬੈਂਚ ਦੀ ਮੰਗ ਕੀਤੀ ਸੀ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਭਾਰਤ ਸਰਕਾਰ ਦਾ ਵੱਡਾ ਐਕਸ਼ਨ

# 4 ਪਾਕਿਸਤਾਨੀ ਚੈਨਲਾਂ ਸਮੇਤ 22 ਯੂ-ਟਿਊਬ ਚੈਨਲ ਬਲਾਕ ਕੀਤੇ

ਨਵੀਂ ਦਿੱਲੀ, 5 ਅਪਰੈਲ, (ਪੋਸਟ ਬਿਊਰੋ)- ਭਾਰਤ ਦੀ ਮਨਿਸਟਰੀ ਆਫ ਇਨਫਰਮੇਸ਼ਨ ਐਂਡ ਬ੍ਰਾਡਕਾਸਟਿੰਗ ਨੇ ਐਮਰਜੈਂਸੀ ਪਾਵਰ ਦਾ ਵਰਤੋਂ ਕਰਦੇ ਹੋਏ 22 ਚੈਨਲ, ਤਿੰਨ ਅਕਾਊਂਟ ਤੇ ਇਕ ਨਿਊਜ਼ ਵੈੱਬਸਾਈਟ ਨੂੰ ਬਲਾਕ ਕਰਨ ਦਾ ਹੁਕਮ ਦਿੱਤਾ ਹੈ। ਬਲਾਕ ਕੀਤੇ ਚੈਨਲਾਂ ਕੋਲ ਕੁੱਲ 260 ਕਰੋੜ ਵਿਊਅਰਸ਼ਿਪ ਸੀ। ਇਨ੍ਹਾਂ ਅਕਾਊਂਟਸ ਅਤੇ ਚੈਨਲਾਂ ਦੀ ਵਰਤੋਂ ਸੰਵੇਦਨਸ਼ੀਲ ਅਤੇ ਭਾਰਤ ਦੀ ਸੁਰੱਖਿਆ, ਵਿਦੇਸ਼ ਨੀਤੀ ਅਤੇ ਪਬਲਿਕ ਆਰਡਰ ਨਾਲ ਜੁੜੇ ਮੁੱਦਿਆਂ ਬਾਰੇ ਫੇਕ ਨਿਊਜ਼ ਤੇ ਸੋਸ਼ਲ ਮੀਡੀਆ ਉੱਤੇ ਗ਼ਲਤ ਜਾਣਕਾਰੀ ਫੈਲਾਉਣ ਲਈ ਕੀਤੀ ਜਾਂਦੀ ਸੀ।

ਵਰਨਣ ਯੋਗ ਹੈ ਕਿ 2021 ਦੇ ਬਾਅਦ ਪਹਿਲੀ ਵਾਰ ਭਾਰਤੀ ਚੈਨਲਾਂ ਖਿਲਾਫ਼ ਕਾਰਵਾਈ ਹੋਈ ਹੈ। ਸਰਕਾਰ ਨੇਪਿਛਲੇ ਸਾਲ ਆਈਟੀ ਰੂਲਜ਼ 2021 ਦਾ ਨੋਟੀਫਿਕੇਸ਼ਨ ਜਾਰੀ
ਕੀਤਾ ਸੀ ਤੇਨਵੇਂ ਬਲੌਗਿੰਗ ਆਰਡਰ ਹੇਠ 18 ਭਾਰਤੀ ਅਤੇ 4 ਪਾਕਿਸਤਾਨੀ ਚੈਨਲਬੈਨ ਕੀਤੇ ਹਨ। ਇਨ੍ਹਾਂ ਸਾਰੇ ਯੂਟਿਊਬ ਚੈਨਲਾਂ ਨੂੰਵੱਖ-ਵੱਖ ਮੁੱਦਿਆਂ ਉੱਤੇ ਫੇਕ ਨਿਊਜ਼ ਫੈਲਾਉਣ ਲਈ ਵਰਤਿਆ ਜਾਂਦਾ ਸੀ। ਭਾਰਤੀ ਫ਼ੌਜ ਤੇ ਜੰਮੂ ਕਸ਼ਮੀਰ ਆਦਿਬਾਰੇ ਇਨ੍ਹਾਂ ਚੈਨਲਾਂ ਤੋਂਫਰਜ਼ੀ ਪੋਸਟ ਪਾਏ ਜਾਂਦੇ ਸਨ।ਵੱਖ-ਵੱਖ ਸੋਸ਼ਲ ਮੀਡੀਆ ਅਕਾਊਂਟਸ ਤੋਂ ਪੋਸਟ ਕੀਤੇ ਭਾਰਤ ਵਿਰੋਧੀ ਕੰਟੈਂਟ ਵੀ ਬਲਾਕ ਕੀਤੇ ਹਨ। ਜਾਂਚਵਿੱਚਪਤਾ ਲੱਗਾ ਕਿ ਭਾਰਤੀ ਚੈਨਲਾਂ ਨੇ ਯੂਕਰੇਨ ਜੰਗ ਦੀ ਸਥਿਤੀ ਉੱਤੇ ਗ਼ਲਤ ਸੂਚਨਾਵਾਂਪਾਈਆਂ ਸਨ। ਦੂਸਰੇ ਦੇਸ਼ਾਂ ਨਾਲ ਭਾਰਤ ਦੇ ਸੰਬੰਧ ਵਿਗਾੜਨਦੀ ਸੋਚ ਨਾਲ ਇਨ੍ਹਾਂ ਚੈਨਲਾਂ ਵੱਲੋਂ ਇਹ ਕੁਝ ਪੋਸਟ ਕੀਤਾ ਜਾਂਦਾ ਸੀ।

ਬੰਦ ਕਰਾਏ ਗਏ ਚੈਨਲਾਂ ਵਿੱਚ ਏਆਰਪੀ ਨਿਊਜ਼, ਏਓਪੀ ਨਿਊਜ਼, ਐਲਡੀਸੀ ਨਿਊਜ਼, ਸਰਕਾਰੀਬਾਬੂ, ਐਸਐਸ ਜ਼ੋਨ ਹਿੰਦੀ, ਸਮਾਰਟ ਨਿਊਜ਼, ਨਿਊਜ਼23 ਹਿੰਦੀ, ਔਨਲਾਈਨ ਖਬਰ, ਡੀਪੀ ਨਿਊਜ਼, ਪੀਕੇਬੀ ਨਿਊਜ਼, ਕਿਸਾਨ ਟਕ, ਬੋਰਾਨਾ ਨਿਊਜ਼, ਸਰਕਾਰੀ ਨਿਊਜ਼ ਅੱਪਡੇਟ, ਭਾਰਤ ਮੌਸਮ, ਆਰਜੇ ਜ਼ੋਨ 6, ਪ੍ਰੀਖਿਆ




ਰਿਪੋਰਟ, ਡਿਜੀ ਗੁਰੂਕੁਲ ਅਤੇ ਦਿਨਭਰ ਕੀ ਖਬਰੇਂਸ਼ਾਮਲ ਹਨ।ਇਹੀ ਨਹੀਂ, ਦੁਨੀਆ ਮੇਰੀਆਗੀ, ਗੁਲਾਮ ਨਬੀਮਦਨੀ, ਹਕੀਕਤ ਟੀਵੀ ਅਤੇ ਹਕੀਕਤ ਟੀਵੀ 2.0 ਚਾਰ ਪਾਕਿਸਤਾਨੀ ਯੂਟਿਊਬ ਨਿਊਜ਼ ਚੈਨਲ ਵੀ ਬੰਦ ਕੀਤੇ ਹਨ। ਦੁਨੀਆ ਮੇਰੀਆਗੀ ਦੀ ਵੈੱਬਸਾਈਟ, ਟਵਿੱਟਰ ਅਕਾਊਂਟ ਅਤੇ ਫੇਸਬੁੱਕ ਅਕਾਊਂਟ ਨੂੰ ਵੀ ਬਲਾਕ ਕੀਤਾ ਗਿਆ ਹੈ ਅਤੇ ਗੁਲਾਮ ਨਬੀਮਦਨੀ ਅਤੇ ਹਕੀਕਤ ਟੀਵੀ ਦੇ ਟਵਿੱਟਰ ਅਕਾਊਂਟ ਨੂੰ ਬਲੌਕ ਕਰ ਦਿੱਤਾ ਗਿਆ ਹੈ।


ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?



BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION



ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ | ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224




ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ

ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਠਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਣਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਪਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

## ਗੌਰਵ ਯਾਦਵ ਮੁੱਖ ਮੰਤਰੀ ਪੰਜਾਬ ਨਾਲ ਵਿਸ਼ੇਸ਼ ਪ੍ਰਿੰਸੀਪਲ ਸੈਕਟਰੀ ਨਿਯੁਕਤ ਕੀਤੇ ਗਏ



ਚੰਡੀਗੜ੍ਹ, 5 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਐਡੀਸ਼ਨਲ ਡੀ ਜੀ ਪੀ ਰੈਂਕ ਦੇ 1992 ਬੈਚ ਦੇ ਪੁਲਸ ਅਫਸਰ ਗੌਰਵ ਯਾਦਵ ਨੂੰ ਮੁੱਖ ਮੰਤਰੀ ਦਾ ਵਿਸ਼ੇਸ਼ ਪ੍ਰਿੰਸੀਪਲਸੈਕਟਰੀਨਿਯੁਕਤ ਕੀਤਾ ਹੈ। ਮੁੱਖ ਮੰਤਰੀ ਦਫਤਰ ਵਿੱਚ ਪਹਿਲੀ ਵਾਰੀ ਕਿਸੇ ਸੀਨੀਅਰ ਪੁਲਸ ਅਫਸਰ ਦੀ ਏਦਾਂ ਦੀ ਤੈਨਾਤੀ ਕੀਤੀ ਹੋਈ ਹੈ। ਇਸ ਨਾਲ ਮੁੱਖ ਮੰਤਰੀ ਦਫਤਰ ਤੋਂ ਗ੍ਰਹਿ ਵਿਭਾਗ ਨਾਲ ਸਬੰਧਤ ਕੰਮ ਗੌਰਵ ਯਾਦਵ ਵੱਲੋਂ ਦੇਖੇ ਜਾਣ ਦੇ ਆਸਾਰ ਹਨ। ਗੌਰਵ ਯਾਦਵ ਪੰਜਾਬ ਪੁਲਸ ਵਿੱਚ ਐਡੀਸ਼ਨਲ ਡੀ ਜੀ ਪੀ ਮਾਡਰਨਾਈਜੇਸ਼ਨ ਦਾ ਕੰਮ ਵੀ ਦੇਖਣਗੇ।

ਇਸ ਦੌਰਾਨ ਮੁੱਖ ਮੰਤਰੀ ਨਾਲ ਇਸ ਸਮੇਂ ਐਡੀਸ਼ਨਲਚੀਫਸੈਕਟਰੀ ਵਜੋਂ 1991 ਬੈਚ ਦੇ ਆਈ ਏ ਐਸ ਅਧਿਕਾਰੀ ਏ ਵੇਣੂਗੋਪਾਲ ਨਿਯੁਕਤ ਹਨ। ਮੁੱਖ ਮੰਤਰੀ ਦਫਤਰ ਵਿੱਚ ਇਸ ਸਮੇਂ ਤਿੰਨ ਹੋਰ ਆਈ ਏ ਐਸ ਅਧਿਕਾਰੀ ਅਤੇ ਹੋਰ ਅਮਲਾ ਫੈਲਾ ਵੀ ਲੱਗਾ ਹੋਇਆ ਹੈ। ਵਰਨਣ ਯੋਗ ਹੈ ਕਿ ਇਨ੍ਹਾਂ ਆਸਾਮੀਆਂ ਉਤੇ ਆਮ ਤੌਰ ਉੱਤੇ ਆਈ ਏ ਐਸ ਅਫਸਰਾਂ ਦੀ ਨਿਯੁਕਤੀ ਹੁੰਦੀ ਹੈ।

ਦੂਸਰੇ ਪਾਸੇ ਐਡੀਸ਼ਨਲ ਡੀ ਜੀ ਪੀ ਜੇਲ੍ਹਾਂ ਦੇ ਅਹੁਦੇ ਤੋਂ ਪ੍ਰਵੀਨ ਸਿਨਹਾ ਦਾ ਵੀ ਅਚਾਨਕ ਤਬਾਦਲਾ ਕਰ ਦਿੱਤਾ ਗਿਆ ਹੈ। ਪੰਜਾਬ ਪੁਲਸ ਵਿੱਚ ਐਡੀਸ਼ਨਲ ਡੀ ਜੀ ਪੀ ਪ੍ਰੋਵੀਜ਼ਨਿੰਗ ਵਰਿੰਦਰ ਕੁਮਾਰ ਨੂੰ ਐਡੀਸ਼ਨਲ ਡੀ ਜੀ ਪੀ ਜੇਲ੍ਹਾਂ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਜੇਲ੍ਹ ਵਿਭਾਗ ਪਿਛਲੇ ਦਿਨੀਂ ਓਦੋਂ ਚਰਚਾ ਵਿੱਚ ਆਇਆ ਸੀ ਜਦੋਂ ਪਟਿਆਲਾ ਜੇਲ੍ਹ ਦੇ ਸੁਪਰਡੈਂਟ ਦੀ ਨਿਯੁਕਤੀ ਦੇ ਮਾਮਲੇ ਉੱਤੇ ਵਿਵਾਦ ਖੜ੍ਹਾ ਹੋ ਗਿਆ ਸੀ।

## ਗੰਨਾ ਕਿਸਾਨਾਂ ਦੀ ਆਮਦਨ ਵਧਾਉਣ ਲਈ ਟਾਸਕ ਫੋਰਸ ਬਣੇਗੀ



ਚੰਡੀਗੜ੍ਹ, 5 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਕੋਆਪਰੇ-ਟਿਵ<ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਹੈ ਕਿ ਗੰਨਾ ਕਿਸਾਨਾਂ ਦੀ ਆਮਦਨ ਵਧਾਉਣ ਲਈ ਯੋਜਨਾ ਬਣਾਉਣ ਹਿੱਤ ਟਾਸਕ ਫੋਰਸ ਬਣਾਈ ਜਾਵੇਗੀ।

ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਗੰਨਾ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਪ੍ਰਤੀ ਏਕੜ ਗੰਨੇ ਦਾ ਝਾੜ ਵਧਾਉਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਇੰਡੀਅਨ ਕੌਂਸਲ ਆਫ ਐਗਰੀਕਲਚਰ ਰਿਸਰਚ, ਸ਼ੂਗਰਕੇਨ ਬਰੀਡਿੰਗ ਇੰਸਟੀਚਿਊਟ ਕੋਇੰਬਟੂਰ ਅਤੇ ਦੇਸ਼ ਪੱਧਰੀ ਗੰਨਾ ਮਾਹਰਾਂ ਤੋਂ ਇਲਾਵਾ ਸ਼ੂਗਰਫੈਡ ਪੰਜਾਬ ਦੇ ਨੁਮਾਇੰਦੇ ਨੂੰ ਸ਼ਾਮਲ ਕਰ ਕੇ ਟਾਸਕ ਫੋਰਸ ਬਣਾਈ ਜਾਵੇਗੀ। ਇਸ ਟਾਸਕ ਫੋਰਸ ਨੂੰ ਤਿੰਨ ਮਹੀਨੇ ਵਿੱਚ ਗੰਨੇ ਦਾ ਝਾੜ ਵਧਾਉਣ ਲਈ ਯੋਜਨਾ ਬਣਾਉਣਨੂੰ ਕਿਹਾ ਜਾਵੇਗਾ। ਚੀਮਾ ਨੇ ਦੱਸਿਆ ਕਿ ਅਗਲੇ ਦੋ ਸਾਲਾਂ ਵਿੱਚ ਗੰਨੇ ਦੇ ਝਾੜ ਵਿੱਚ ਘੱਟੋ-ਘੱਟ 100 ਕੁਇੰਟਲ ਪ੍ਰਤੀ ਏਕੜ ਵਾਧਾ ਕਰਨ ਦਾ ਟੀਚਾ ਰੱਖਿਆ ਜਾਵੇਗਾ, ਇਸ ਨਾਲ ਪ੍ਰਤੀ ਏਕੜ ਆਮਦਨ ਵਿੱਚ ਲਗਭਗ 36000 ਰੁਪਏ ਤਕ ਵਾਧਾ ਹੋਵੇਗਾ। ਇਸ ਯੋਜਨਾ ਤਹਿਤ ਗੰਨਾ ਕਾਸ਼ਤਕਾਰਾਂ ਨੂੰ ਉਚ ਕੁਆਲਿਟੀ ਦੀਆਂ ਕਿਸਮਾਂ ਦੇ ਖਾਲਸ ਬੀਜ ਦਿਵਾਉਣ ਤੋਂ ਇਲਾਵਾ ਗੰਨੇ ਦੀ ਖੇਤੀ ਵਿੱਚ ਆਧੁਨਿਕ ਤਕਨੀਕਾਂ ਸਬੰਧੀ ਜਾਣਕਾਰੀ ਦੇ ਨਾਲ ਮਸ਼ੀਨੀਕਰਨ ਬਾਰੇ ਸਿਖਲਾਈ ਦੇਣਾ ਸ਼ਾਮਲ ਹੋਵੇਗਾ।ਚੀਮਾ ਨੇ ਇਹ ਹਦਾਇਤ ਕੀਤੀ ਹੈ ਕਿ ਕੋਆਪਰੇਟਿਵ ਖੰਡ ਮਿੱਲਾਂ ਵੱਲੋਂ ਗੰਨੇ ਦੇ ਆਉਣ ਵਾਲੇ ਬਿਜਾਈ ਸੀਜ਼ਨ ਲਈ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਅਤੇ ਇੰਡੀਅਨ ਕੌਂਸਲ ਆਫ ਐਗਰੀਕਲਚਰ ਰਿਸਰਚ ਅਤੇ ਕੇਂਦਰ ਦੇ ਸਹਿਯੋਗ ਨਾਲ ਗੰਨੇ ਦੀਆਂ ਵੱਧ ਝਾੜ ਵਾਲੀਆਂ ਕਿਸਮਾਂ ਦੇ ਲਗਭਗ ਤੀਹ ਲੱਖ ਪੌਦਿਆਂ ਦੀ ਪਨੀਰੀ ਤਿਆਰ ਕਰ ਕੇ ਗੰਨਾ ਕਾਸ਼ਤਕਾਰਾਂ ਨੂੰ ਬੀਜ ਵਜੋਂ ਦਿੱਤੀ ਜਾਏ।

## ਇਤਿਹਾਸ ਵਿੱਚ ਪਹਿਲੀ ਵਾਰ ਮੁਸਲਮਾਨਾਂ ਨੇ 'ਟਾਈਮਜ਼ ਸਕੁਏਅਰ' ਉੱਤੇ ਨਮਾਜ਼ ਅਦਾ ਕੀਤੀ



ਨਿਊਯਾਰਕ, 5 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਦੇ ਇਤਿਹਾਸ ਵਿੱਚ ਪਹਿਲੀ ਵਾਰ ਮੁਸਲਮਾਨਾਂ ਨੇ ਨਿਊਯਾਰਕ ਦੇ ਵਿਸ਼ਵ ਪ੍ਰਸਿੱਧ ਟਾਈਮਜ਼ ਸਕੁਏਅਰ ਦੀਆਂ ਸੜਕਾਂ ਉੱਤੇ ਤਰਾਵੀਹ ਦੀ ਨਮਾਜ਼ ਅਦਾ ਕੀਤੀ।

ਆਪਣੀ ਕਿਸਮ ਦੀ ਦੁਰਲੱਭ ਘਟਨਾ ਵਿੱਚ ਰਮਜ਼ਾਨ ਦੇ ਪਵਿੱਤਰ ਮਹੀਨੇ ਦੀ ਸ਼ੁਰੂਆਤ ਨੂੰ ਦਰਸਾਉਂਦੇ ਹੋਏ ਕੱਲ੍ਹ ਹਜ਼ਾਰਾਂ ਮੁਸਲਮਾਨ ਇਕੱਠੇ ਹੋਏ ਅਤੇ ਤਰਾਵੀਹ ਦੀ ਨਮਾਜ਼ ਅਦਾ ਕੀਤੀ। ਇਸ ਦੌਰਾਨ ਮੁਸਲਮਾਨਾਂ ਵੱਲੋਂ ਸੜਕ ਉੱਤੇ ਨਮਾਜ਼ ਅਦਾ ਕਰਨ ਕਾਰਨ ਸੋਸ਼ਲ ਮੀਡੀਆ ਉੱਤੇ ਬਹਿਸ ਛਿੜ ਗਈ ਹੈ। ਜਿੱਥੇ ਕਈ ਲੋਕ ਟਾਈਮਜ਼ ਸਕੁਆਇਰ ਉੱਤੇ ਨਮਾਜ਼ ਅਦਾ ਕਰਨ ਦਾ ਸਮਰਥਨ ਕਰ ਰਹੇ ਹਨ, ਉਥੇ ਵੱਡੀ ਗਿਣਤੀ ਲੋਕ ਇਸ ਦਾ ਖੁੱਲ੍ਹ ਕੇ ਵਿਰੋਧ ਕਰਦੇ ਹਨ। ਇਸ ਸਮਾਗਮ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਅਮਰੀਕਾ ਦੇ ਮੁਸਲਮਾਨ ਚਾਹੁੰਦੇ ਹਨ ਕਿ ਰਮਜ਼ਾਨ ਦਾ ਤਿਉਹਾਰ ਨਿਊਯਾਰਕ ਸਿਟੀ ਦੇ ਇਸ ਮਸ਼ਹੂਰ ਸਥਾਨ ਉੱਤੇ ਮਨਾਇਆ ਜਾਵੇ ਅਤੇ ਦੂਜਿਆਂ ਨੂੰ ਦੱਸਿਆ ਜਾਵੇ ਕਿ ਇਸਲਾਮ ਸ਼ਾਂਤੀਪੂਰਨ ਧਰਮ ਹੈ। ਆਯੋਜਕਾਂ ਨੇ ਕਿਹਾ ਹੈ ਕਿ ਪੂਰੀ ਦੁਨੀਆ ਵਿੱਚ ਇਸਲਾਮ ਬਾਰੇ ਕਈ ਗ਼ਲਤ ਧਾਰਨਾਵਾਂ ਹਨ। ਅਸੀਂ ਆਪਣੇ ਧਰਮ ਬਾਰੇ ਉਨ੍ਹਾਂ ਸਾਰੇ ਲੋਕਾਂ ਨੂੰ ਦੱਸਣਾ ਚਾਹੁੰਦੇ ਸਾਂ ਜਿਨ੍ਹਾਂ ਨੂੰ ਇਸ ਬਾਰੇ ਨਹੀਂ ਪਤਾ ਸੀ।

ਦੂਜੇ ਪਾਸੇ ਯੂ ਏ ਈ ਦਾ ਮੂਲ ਵਾਸੀ ਹਸਨ ਸਜਵਾਨੀ, ਜੋ ਸੋਸ਼ਲ ਮੀਡੀਆ ਉੱਤੇ ਬਹੁਤ ਸਰਗਰਮ ਹੈ, ਲਿਖਦਾ ਹੈ ਕਿ ਸੜਕ ਉੱਤੇ ਨਮਾਜ਼ ਅਦਾ ਕਰਨ ਨਾਲ ਲੋਕਾਂ ਨੂੰ ਪ੍ਰੇਸ਼ਾਨੀ ਹੁੰਦੀ ਹੈ। ਇਕੱਲੇ ਨਿਊਯਾਰਕ ਵਿੱਚ 270 ਤੋਂ ਵੱਧ ਮਸਜਿਦਾਂ ਹਨ ਅਤੇ ਨਮਾਜ਼ ਅਦਾ ਕਰਨ ਲਈ ਇੱਕ ਬਿਹਤਰ ਥਾਂ ਹਨ, ਆਪਣੇ ਧਰਮ ਦਾ ਪ੍ਰਦਰਸ਼ਨ ਕਰਨ ਲਈ ਲੋਕਾਂ ਦੇ ਰਾਹ ਰੋਕਣ ਦੀ ਕੋਈ ਲੋੜ ਨਹੀਂ। ਇਸਲਾਮ ਸਾਨੂੰ ਇਹ ਨਹੀਂ ਸਿਖਾਉਂਦਾ। ਖ਼ਲੀਫ਼ਾ ਨਾਂ ਦੇ ਇੱਕ ਯੂਜ਼ਰ ਨੇ ਇਹ ਵੀ ਲਿਖਿਆ ਕਿ ਮੈਂ ਮੁਸਲਮਾਨ ਹਾਂ, ਪਰ ਟਾਈਮਜ਼ ਸਕੁਏਅਰ ਉੱਤੇ ਨਮਾਜ਼ ਅਦਾ ਕਰਨ ਦਾ ਸਮਰਥਨ ਨਹੀਂ ਕਰਦਾ। ਇਹ ਗ਼ਲਤ ਸੰਦੇਸ਼ ਦੇ ਸਕਦਾ ਹੈ ਕਿ ਇਸਲਾਮ 'ਹਮਲਾ' ਜਾਂ ਘੁਸਪੈਠ ਕਰਨ ਵਾਲਾ ਧਰਮ ਹੈ। ਇਸ ਲਈ ਨਮਾਜ਼ ਸਿਰਫ਼ ਮਸਜਿਦਾਂ ਵਿੱਚ ਹੀ ਪੜ੍ਹੀ ਜਾਣੀ ਚਾਹੀਦੀ ਹੈ।

## ਸ੍ਰੀਲੰਕਾ ਦੇ ਰਾਸ਼ਟਰਪਤੀ ਵੱਲੋਂ ਵਿੱਤ ਮੰਤਰੀ ਰਾਜਪਕਸ਼ੇ ਬਰਖ਼ਾਸਤ



ਕੋਲੰਬੋ, 5 ਅਪ੍ਰੈਲ (ਪੋਸਟ ਬਿਊਰੋ)- ਸ੍ਰੀਲੰਕਾ ਦੇ ਰਾਸ਼ਟਰਪਤੀ ਗੋਤਾਬਾਯਾ ਰਾਜਾਪਕਸ਼ੇ ਨੇ ਕੱਲ੍ਹ ਆਪਣੇ ਭਰਾ ਤੇ ਵਿੱਤ ਮੰਤਰੀ ਬਾਸਿਲ ਰਾਜਾਪਕਸ਼ੇ ਨੂੰ ਉਸ ਦੇ ਅਹੁਦੇ ਤੋਂ ਹਟਾ ਦਿੱਤਾ ਹੈ।

ਇਸ ਟਾਪੂ ਵਾਲੇ ਦੇਸ਼ ਦੇ ਸਭ ਤੋਂ ਖ਼ਰਾਬ ਆਰਥਿਕ ਸੰਕਟ ਨਾਲ ਪੈਦਾ ਹੋਈਆਂ ਮੁਸ਼ਕਿਲਾਂ ਦੇ ਖ਼ਿਲਾਫ਼ ਲੋਕਾਂ ਦੇ ਗੁੱਸੇ ਨਾਲ ਨਜਿੱਠਣ ਲਈ ਵਿਰੋਧੀ ਧਿਰਾਂ ਨੂੰ ਸਾਂਝੇ ਮੰਤਰੀ ਮੰਡਲ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ। ਬੇਸਿਲ ਨੇ ਮੌਜੂਦਾ ਵਿਦੇਸ਼ੀ ਕਰੰਸੀ ਲਈ ਭਾਰਤੀ ਆਰਥਿਕ ਰਾਹਤ ਪੈਕੇਜ ਲੈਣ ਲਈ ਗੱਲਬਾਤ ਕੀਤੀ ਸੀ। ਉਸਦੀ ਥਾਂਅਲੀ ਸਾਬਰੀ, ਜੋ ਕੱਲ੍ਹ ਰਾਤ ਤਕ ਨਿਆਂ ਮੰਤਰੀ ਸਨ, ਨੂੰ ਵਿੱਤ ਮੰਤਰੀ ਬਣਾਇਆ ਗਿਆ ਹੈ। ਮੰਤਰੀਆਂ ਵੱਲੋਂ ਅਸਤੀਫ਼ਾ ਦੇਣ ਦੇ ਬਾਅਦ ਤਿੰਨ ਨਵੇਂ ਮੰਤਰੀਆਂ ਨੂੰ ਸਹੁੰ ਚੁਕਾਈ ਗਈ। ਜੀ ਐਲ ਪੀਏਰਿਸ ਨੇ ਵਿਦੇਸ਼ ਮੰਤਰੀ, ਦਿਨੇਸ਼ ਗੁਨਾਵਰਦੇਨਾ ਨੇ ਨਵੇਂ ਸਿੱਖਿਆ ਮੰਤਰੀ ਵਜੋਂ ਸਹੁੰ ਚੁੱਕੀ ਹੈ। ਜਾਹਨਸਟਨ ਫਰਨਾਂਡੋ ਨੂੰ ਨਵਾਂ ਹਾਈਵੇਜ਼ ਮੰਤਰੀ ਬਣਾਇਆ ਗਿਆ ਹੈ। ਨਵੀਆਂ ਨਿਯੁਕਤੀਆਂ ਤੋਂ ਪਹਿਲਾਂ ਰਾਸ਼ਟਰਪਤੀ ਗੋਟਾਬ-ਾਇਆ ਨੇ ਦੇਸ਼ ਦੇ ਸਭ ਤੋਂ ਖ਼ਰਾਬ ਆਰਥਿਕ ਸੰਕਟ ਕਾਰਨ ਚੱਲ ਰਹੀਆਂ ਮੁਸ਼ਕਿਲਾਂ ਖ਼ਿਲਾਫ਼ ਜਨਤਾ ਦੇ ਗੁੱਸੇ ਨਾਲ ਨਜਿੱਠਣ ਲਈ ਸਭ ਰਾਜਨੀਤਕ ਪਾਰਟੀਆਂ ਨੂੰ ਸਾਂਝੇ ਮੰਤਰੀ ਮੰਡਲ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਦੱਸਣਯੋਗ ਹੈ ਕਿ ਸੱਤਾਧਿਰ ਰਾਜਪਕਸ਼ੇ ਪਰਵਾਰ ਖ਼ਿਲਾਫ਼ ਵੱਡੇ ਪੱਧਰ ਉੱਤੇ ਜਨਤਾ ਪ੍ਰਦਰਸ਼ਨ ਕਰ ਰਹੀ ਹੈ ਅਤੇ ਸੈਂਟਰਲ ਬੈਂਕ ਦੇ ਗਵਰਨਰ ਅਜੀਤ ਨਿਵਾਰਡ ਕਾਬਰਾਲ ਨੇ ਵੀ ਇਸ ਦੌਰਾਨ ਅਸਤੀਫ਼ਾ ਦੇਣ ਦਾ ਐਲਾਨ ਕਰ ਦਿੱਤਾ ਹੈ।

## ਨਦੀ ਵਿੱਚ ਕਿਸ਼ਤੀ ਪਲਟਣ ਨਾਲ 23 ਔਰਤਾਂ ਡੁੱਬੀਆਂ



ਕਾਹਿਰਾ, 5 ਅਪ੍ਰੈਲ (ਪੋਸਟ ਬਿਊਰੋ)- ਸੂਡਾਨ ਵਿੱਚ ਬਲੂ ਨੀਲ ਨਦੀ ਵਿੱਚ ਕੱਲ੍ਹ ਇੱਕ ਕਿਸ਼ਤੀ ਪਲਟਣ ਕਾਰਨ ਘੱਟੋ-ਘੱਟ 23 ਔਰਤਾਂ ਡੁੱਬ ਗਈਆਂ, ਜਿਨ੍ਹਾਂ ਦੀ ਪਛਾਣ ਕੀਤੀ ਜਾ ਰਹੀ ਹੈ।

ਦੱਖਣ-ਪੂਰਬੀ ਸੇਨਾਰ ਸੂਬੇ ਵਿੱਚ ਕੱਲ੍ਹ ਕਿਸ਼ਤੀ ਪਲਟਣ ਅਤੇ ਡੁੱਬਣ ਸਮੇਂ ਉਸ ਵਿੱਚ 29 ਲੋਕ ਸਵਾਰ ਸਨ। ਕਿਸ਼ਤੀ ਵਿੱਚ ਇੱਕ ਡਰਾਈਵਰ ਨੂੰ ਛੱਡ ਕੇ ਬਾਕੀ ਸਭ ਔਰਤਾਂ ਸਨ। ਪੰਜ ਯਾਤਰੀਆਂ ਨੂੰ ਬਚਾ ਲਿਆ ਗਿਆ। ਕਿਸ਼ਤੀ ਦੇ ਡੁੱਬਣ ਦਾ ਕਾਰਨ ਅਜੇ ਤਕ ਪਤਾ ਨਹੀਂ ਲੱਗ ਸਕਿਆ। ਇਹ ਔਰਤਾਂ ਸੂਕੀ ਖੇਤਰ ਵਿੱਚ ਖੇਤਾਂ ਵਿੱਚ ਕੰਮ ਕਰਨ ਜਾਣ ਵਾਲੀਆਂ ਦਿਹਾੜੀਦਾਰ ਮਜ਼ਦੂਰ ਸਨ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਉਹ ਘਰ ਪਰਤ ਰਹੀਆਂ ਸਨ। ਹਾਦਸੇ ਤੋਂ ਬਾਅਦ 13 ਲਾਸ਼ਾਂ ਨੂੰ ਕੱਢ ਲਿਆ ਗਿਆ ਅਤੇ ਬਚਾਅ ਕਰਮਚਾਰੀ 10 ਹੋਰਾਂ ਦੀ ਭਾਲ ਕਰ ਰਹੇ ਹਨ। ਬਲੂ ਨੀਲ ਇਸ ਅਫਰੀਕੀ ਦੇਸ਼ ਵਿੱਚ ਲੋਕਾਂ ਅਤੇ ਮਾਲ ਦੀ ਆਵਾਜਾਈ ਦਾ ਮਹੱਤਵਪੂਰਨ ਸਾਧਨ ਹੈ।ਦੁਨੀਆ ਦੀਆਂ ਸਭ ਤੋਂ ਲੰਬੀਆਂ ਨਦੀਆਂ ਵਿੱਚੋਂ ਇੱਕ ਨੀਲ ਨਦੀ ਰਾਜਧਾਨ ਖਾਰਟੂਮ ਦੇ ਉਤਰ ਵਿੱਚ ਵ੍ਹਾਈਟ ਨੀਲ ਨਾਲ ਜੁੜਦੀ ਹੈ। ਕਿਸ਼ਤੀ ਉੱਤੇ ਸਮਰਥਾ ਤੋਂ ਜ਼ਿਆਦਾ ਲੋਕਾਂ ਦੇ ਚੜ੍ਹਨ ਕਾਰਨ ਪਹਿਲਾਂ ਵੀ ਅਜਿਹੇ ਹਾਦਸੇ ਵਾਪਰ ਚੁੱਕੇ ਹਨ।2018 ਵਿੱਚ ਨੀਲ ਨਦੀ ਵਿੱਚ ਇੱਕ ਕਿਸ਼ਤੀ ਪਲਟਣ ਨਾਲ 21 ਵਿਦਿਆਰਥੀਆਂ ਸਮੇਤ 22 ਲੋਕਾਂ ਮਾਰੇ ਗਏ ਸਨ।

### ਪੇਸ਼ਾਵਰ ਵਿੱਚ ਅੱਤਵਾਦੀਆਂ ਕਾਰਨ ਸਿੱਖਾਂ ਵਿੱਚ ਡਰ ਦਾ ਮਾਹੌਲ

ਪੇਸ਼ਾਵਰ, 5 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੇ ਸ਼ਹਿਰ ਪੇਸ਼ਾਵਰ ਸਮੇਤ ਆਸਪਾਸ ਦੇ ਇਲਾਕਿਆਂ ਵਿੱਚ ਸਿੱਖਾਂ ਨੂੰ ਅੱਤਵਾਦੀਆਂ ਦੇ ਡਰ ਨਾਲ ਆਪਣੀ ਪਛਾਣ ਲੁਕਾਉਣੀ ਪੈ ਰਹੀ ਹੈ। ਪੇਸ਼ਾਵਰ ਵਿੱਚ ਜ਼ਿਆਦਾਤਰ ਸਿੱਖਾਂ ਨੂੰ ਆਪਣੀ ਪਛਾਣ ਲੁਕਾਉਣ ਲਈ ਵਾਲ ਕਟਵਾਉਣੇ ਪੈ ਰਹੇ ਹਨ ਤੇ ਪੱਗੜੀ ਹਟਾਉਣੀ ਪੈ ਰਹੀ ਹੈ। ਸਭ ਤੋਂ ਵੱਡੀ ਸਮੱਸਿਆ ਸਿੱਖਾਂ ਨੂੰ ਇਹ ਹੈ ਕਿ ਉਥੇ ਸਿੱਖਾਂ ਤੇ ਹਿੰਦੂਆਂ ਲਈ ਕੋਈ ਸਮਸ਼ਾਨਘਾਟ ਵੀ ਨਹੀਂ। ਖੈਬਰ ਪਖਤੂਨਖਵਾ ਸਰਕਾਰ ਨੇ ਸ਼ਮਸ਼ਾਨਘਾਟ ਲਈ ਬੀਤੇ ਸਾਲ ਪੈਸੇ ਦਿੱਤੇ ਸੀ, ਪਰ ਅਜੇ ਤਕ ਇਸਲਈ ਕੰਮ ਸ਼ੁਰੂ ਨਹੀਂ ਹੋਇਆ ਹੈ। ਜਾਣਕਾਰ ਸੂਤਰਾਂ ਅਨੁਸਾਰ ਪੇਸ਼ਾਵਰ ਵਿੱਚ ਹਿੰਦੂ ਅਤੇ ਸਿੱਖਾਂਦੇ ਖਿਲਾਫ ਇਸਲਾਮਿਕ ਕੱਟੜ ਪੰਥੀਆਂ ਦੇ ਵਧਦੇ ਹਮਲਿਆਂ ਦੇ ਡਰ ਨੇ ਸਿੱਖ ਪਰਵਾਰਾਂ ਨੂੰ ਪਾਕਿ-ਸਤਾਨ ਦੇ ਦੂਜੇ ਹਿੱਸਿਆਂ ਵਿੱਚ ਹਿਜਰਤ ਕਰਨ ਲਈ ਮਜ਼ਬੂਰ ਕਰ ਦਿੱਤਾ ਹੈ।

### ਬੈਂਕ ਮੈਨੇਜਰ ਤੋਂ ਪ੍ਰੇਸ਼ਾਨ ਵਿਅਕਤੀ ਵੱਲੋਂ ਜ਼ਹਿਰ ਖਾ ਕੇ ਖੁਦਕੁਸ਼ੀ

ਗੁਰਦਾਸਪੁਰ, 5 ਅਪ੍ਰੈਲ (ਪੋਸਟ ਬਿਊਰੋ)- ਨੇੜਲੇ ਪਿੰਡ ਅਬਲਖੇਰ ਵਿਖੇ ਇੱਕ ਵਿਅਕਤੀ ਨੇ ਜ਼ਹਿਰੀਲੀ ਦਵਾਈ ਖਾ ਲਈ, ਜਿਸ ਦੀ ਗੁਰਦਾਸਪੁਰ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਮੌਤ ਹੋ ਗਈ ਹੈ। ਉਕਤ ਵਿਅਕਤੀ ਵੱਲੋਂ ਮਰਨ ਤੋਂ ਪਹਿਲਾਂ ਇਕ ਖ਼ੁਦਕੁਸ਼ੀ ਨੋਟ ਵਿੱਚ ਆਪਣੀ ਮੌਤ ਲਈ ਇੱਕ ਬੈਂਕ ਦੇ ਅਧਿਕਾਰੀ ਨੂੰ ਜ਼ਿੰਮੇਵਾਰ ਦੱਸਿਆ ਹੈ। ਮ੍ਰਿਤਕ ਜਸਪਾਲ ਗਿੱਲ ਉਰਫ ਜੱਸਾ ਵਾਸੀ ਅਬਲਖੈਰ ਦੀ ਪਤਨੀ ਆਸ਼ਾ ਨੇ ਕਿਹਾ ਕਿ ਜਸਪਾਲ ਗਿੱਲ ਨੇ ਕੋਰੋਨਾ ਕਾਲ ਤੋਂ ਪਹਿਲਾਂ ਗੁਰਦਾਸਪੁਰ ਦੇ ਇੱਕ ਬੈਂਕ ਕੋਲੋਂ 50 ਹਜ਼ਾਰ ਰੁਪਏ ਕਰਜ਼ਾ ਲਿਆ ਸੀ ਪਰ ਆਰਥਿਕ ਤੰਗੀ ਕਾਰਨ ਉਹ ਬੈਂਕ ਦੀਆਂ ਕਿਸ਼ਤਾਂ ਸਮੇਂ ਸਿਰ ਵਾਪਸ ਨਹੀਂ ਕਰ ਸਕਿਆ। ਇਸ ਕਾਰਨ ਬੈਂਕ ਮੈਨੇਜਰ ਉਸ ਨੂੰ ਧਮਕਾ ਰਿਹਾ ਸੀ ਕਿ ਜੇ ਉਸ ਨੇ ਕਰਜ਼ਾ ਵਾਪਸ ਨਾ ਕੀਤਾ ਤਾਂ ਉਹ ਜਸਪਾਲ ਨੂੰ ਚੁੱਕ ਕੇ ਬੈਂਕ ਦੇ ਅੰਦਰ ਸੁੱਟ ਦੇਵੇਗਾ ਅਤੇ ਡਕੈਤੀ ਦਾ ਪਰਚਾ ਦਰਜ ਕਰਵਾ ਦੇਵੇਗਾ, ਇਸ ਕਾਰਨ ਜਸਪਾਲ ਕਾਫੀ ਪ੍ਰੇਸ਼ਾਨ ਸੀ।

## ਲਖੀਮਪੁਰ ਕੇਸ ਵਿਚ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਰੱਦ ਕਰਨ ਬਾਰੇ ਫੈਸਲਾ ਰਾਖਵਾਂ




ਨਵੀਂ ਦਿੱਲੀ, 5 ਅਪ੍ਰੈਲ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਲਖੀਮਪੁਰ ਖੀਰੀ ਹਿੰਸਾ ਕੇਸ ਵਿੱਚ ਅਲਾਹਾਬਾਦ ਹਾਈ ਕੋਰਟ ਦੇ ਫੈਸਲੇ ਦਾ ਹਵਾਲਾ ਦਿੱਤਾ ਤੇ ਸਵਾਲ ਕੀਤਾ ਕਿ ਜੱਜ ਕਿਵੇਂ ਪੋਸਟਮਾਰਟਮ ਰਿਪੋਰਟ ਜਿਹੇ ਸਬੂਤਾਂ ਉਤੇ ਵਿਚਾਰ ਕਰ ਸਕਦੇ ਹਨ। ਅਦਾਲਤ ਨੇ ਕਿਹਾ ਕਿ ਜੱਜ ਅਜਿਹੇ ਸਬੂਤਾਂ ਦੇ ਵਿਸਥਾਰ ਵਿੱਚ ਨਹੀਂ ਜਾ ਸਕਦੇ।

ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਕੱਲ੍ਹ ਕੇਂਦਰ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਦੇ ਲਖੀਮਪੁਰ ਖੀਰੀ ਹਿੰਸਾ ਮਾਮਲੇ ਦੇ ਮੁੱਖ ਮੁਲਜ਼ਮ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਵਿਰੁੱਧ ਦਾਇਰ ਪਟੀਸ਼ਨ ਉਤੇ ਸੁਣਵਾਈ ਕਰ ਰਹੀ ਸੀ। ਚੀਫ ਜਸਟਿਸ ਐਨ ਵੀ ਰਾਮੰਨਾ, ਜਸਟਿਸ ਸੂਰਿਆ ਕਾਂਤ ਤੇ ਹਿਮਾ ਕੋਹਲੀ ਦੇ ਬੈਂਚ ਨੇ ਇਸ ਵਿੱਚ ਮਿਸ਼ਰਾ ਦੀ ਜ਼ਮਾਨਤ ਰੱਦ ਕਰਨ ਉੱਤੇ ਫੈਸਲਾ ਰਾਖਵਾਂ ਰੱਖ ਲਿਆ ਹੈ। ਬੈਂਚ ਨੇ ਕਿਹਾ ਕਿ ਜੱਜ ਪੋਸਟਮਾਰਟਮ ਰਿਪੋਰਟ ਉੱਤੇਵੱਧ ਗੌਰ ਨਹੀਂ ਕਰ ਸਕਦੇ, ਇੱਥੇ ਜ਼ਮਾਨਤ ਦਾ ਮੁੱਦਾ ਸੁਣਿਆ ਜਾ ਰਿਹਾ ਹੈ,ਇਸ ਨੂੰ ਹੋਰ ਨਹੀਂ ਵਧਾਇਆ ਜਾਣਾ ਚਾਹੀਦਾ। ਇਸ ਤਰ੍ਹਾਂ ਕੇਸ ਦੇ ਚੰਗੇ-ਮਾੜੇ ਪੱਖਾਂ ਅਤੇ ਸੱਟਾਂ ਦੀ ਗੰਭੀਰਤਾ ਉੱਤੇ ਵਿਚਾਰ ਜ਼ਮਾਨਤ ਉਤੇ ਉਠੇ ਸਵਾਲਾਂ ਲਈ ਅਹਿਮ ਨਹੀਂ ਹੈ।

ਇਸ ਤੋਂ ਪਹਿਲਾਂ ਕਿਸਾਨਾਂ ਲਈ ਪੇਸ਼ ਹੋਏ ਸੀਨੀਅਰ ਵਕੀਲਾਂ ਦੁਸ਼ਿਅੰਤ ਦਵੇ ਅਤੇ ਪ੍ਰਸ਼ਾਂਤ ਭੂਸ਼ਣ ਨੇ ਜ਼ਮਾਨਤ ਰੱਦ ਕਰਨ ਦੀ ਮੰਗ ਕਰਦਿਆਂ ਦੋਸ਼ ਲਾਇਆ ਕਿ ਹਾਈ ਕੋਰਟ ਨੇ ਜਾਂਚ ਰਿਪੋਰਟ ਉਤੇ ਚੰਗੀ ਤਰ੍ਹਾਂ ਗੌਰ ਨਹੀਂ ਕੀਤਾ ਤੇ ਦੋਸ਼ੀ ਨੂੰ ਰਾਹਤ ਦੇਣ ਲੱਗਿਆਂ ਸਿਰਫ ਐਫ ਆਈ ਆਰ ਨੂੰ ਧਿਆਨ ਵਿੱਚ ਰੱਖਿਆ। ਰਾਜ ਸਰਕਾਰ ਨੇ ਜੁਰਮ ਨੂੰ ਗੰਭੀਰ ਦੱਸਿਆ ਤੇ ਕਿਹਾ ਕਿ ਸਾਰੇ ਗਵਾਹਾਂ ਨੂੰ ਸੁਰੱਖਿਆ ਦਿੱਤੀ ਹੈ। ਜ਼ਿਕਰਯੋਗ ਹੈ ਕਿ 16 ਮਾਰਚ ਨੂੰ ਸਿਖਰਲੀ ਅਦਾਲਤ ਨੇ ਯੂ ਪੀ ਸਰਕਾਰ ਅਤੇ ਆਸ਼ੀਸ਼ ਮਿਸ਼ਰਾ ਤੋਂ ਉਸ ਦੀ ਜ਼ਮਾਨਤ ਖਿਲਾਫ ਪਾਈ ਗਈ ਅਰਜ਼ੀ ਉਤੇ ਜਵਾਬ ਮੰਗਿਆ ਸੀ।

ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਵਿਸ਼ੇਸ਼ ਜਾਂਚ ਟੀਮ (ਸਿਟ) ਦੀਆਂ ਸਿਫਾਰਸ਼ਾਂ ਉੱਤੇ ਸੂਬਾ ਸਰਕਾਰ ਦਾ ਰੁਖ਼ ਜਾਣਨਾ ਚਾਹਿਆ। ਸਿਟ ਨੇ ਮਿਸ਼ਰਾ ਨੂੰ ਮਿਲੀ ਜ਼ਮਾਨਤ ਰੱਦ ਕਰਨ ਦੀ ਸਿਫਾਰਸ਼ ਕੀਤੀ ਸੀ। ਯੂ ਪੀ ਸਰਕਾਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਮਹੇਸ਼ ਜੇਠਮਲਾਨੀ ਨੇ ਕਿਹਾ ਕਿ ਆਸ਼ੀਸ਼ ਮਿਸ਼ਰਾ ਦੇ ਦੇਸ਼ ਛੱਡ ਕੇ ਭੱਜਣ ਦਾ ਕੋਈ ਖਤਰਾ ਨਹੀਂ ਹੈ ਤੇ ਨਾ ਜ਼ਮਾਨਤ ਦੌਰਾਨ ਕੋਈ ਅਣਸੁਖਾਵੀਂ ਘਟਨਾ ਵਾਪਰੀ ਹੈ। ਚੀਫ ਜਸਟਿਸ ਐਨ ਵੀ ਰਾਮੰਨਾ ਨੇ ਕਿਹਾ ਕਿ ਸੂਬੇ ਨੂੰ ਸਿਟ ਦੇ ਸੁਝਾਅ ਉਤੇ ਅਮਲ ਕਰਨਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਯੂ ਪੀ ਸਰਕਾਰ ਆਪਣਾ ਰੁਖ਼ ਸਪੱਸ਼ਟ ਕਰੇ। ਮਿਸ਼ਰਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਰਣਜੀਤ ਕੁਮਾਰ ਨੇ ਕਿਹਾ ਕਿ ਜੇ ਇੱਕ ਵਾਰ ਸੁਪਰੀਮ ਕੋਰਟ ਨੇ ਉਨ੍ਹਾਂ ਦੇ ਕਲਾਈਂਟ ਦੀ ਜ਼ਮਾਨਤ ਰੱਦ ਕਰ ਦਿੱਤੀ ਤਾਂ ਉਸ ਨੂੰ ਕਿਸੇ ਵੀ ਅਦਾਲਤ ਤੋਂ ਜ਼ਮਾਨਤ ਨਹੀਂ ਮਿਲੇਗੀ।



## ਨਫਰਤੀ ਭਾਸ਼ਣ ਮਾਮਲਾ, ਨਰਸਿੰਘਾਨੰਦ ਅਤੇ ਚਵਹਾਨਕੇ ਖਿਲਾਫ ਕੇਸ ਦਰਜ

ਨਵੀਂ ਦਿੱਲੀ, 5 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਪੁਲਸ ਨੇ ਇੱਥੇ ਐਤਵਾਰ ਨੂੰ ਕਰਵਾਏ ਇੱਕ ਸਮਾਗਮ ਦੌਰਾਨ ਹਿੰਦੂ ਮਹਾਪੰਚਾਇਤ ਸਭਾ ਦੇ ਪ੍ਰਬੰਧਕਾਂ ਅਅਤੇ ਕਈ ਬੁਲਾਰਿਆਂ-ਡਾਸਨਾ ਦੇਵ ਮੰਦਰ ਦੇ ਪੁਜਾਰੀ ਯਤੀ ਨਰਸਿੰਘਾਨੰਦ ਅਤੇ ਸੁਦਰਸ਼ਨ ਨਿਊਜ਼ ਦੇ ਮੁੱਖ ਸੰਪਾਦਕ ਸੁਰੇਸ਼ ਚਵਹਾਨਕੇ ਖਿਲਾਫ ਨਫਰਤੀ ਭਾਸ਼ਣ ਦੇਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਡੀ ਸੀ ਪੀ ਨੇ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਕਿ ਹਿੰਦੂ ਮਹਾਪੰਚ-ਾਇਤ ਸਭਾ ਕਰਵਾਉਣ ਲਈ ਪ੍ਰਬੰਧਕ ਅਤੇ 'ਸੇਵ ਇੰਡੀਆ ਫਾਊਂਡੇਸ਼ਨ' ਦੇ ਪ੍ਰਧਾਨ ਪ੍ਰੀਤ ਸਿੰਘ ਵੱਲੋਂ ਪੱਤਰ ਮਿਲਿਆ ਸੀ, ਪਰ ਉਸ ਨੂੰ ਮਨ੍ਹਾ ਕਰ ਦਿੱਤਾ ਸੀ।

ਪੁਲਸ ਮੁਤਾਬਕ ਇਸ ਦੇ ਬਾਵਜੂਦ ਪ੍ਰਬੰਧਕ ਪ੍ਰੀਤ ਸਿੰਘ ਸਵੇਰੇ 700-800 ਸਮਰਥਕ ਲੈ ਕੇ ਪੁੱਜ ਗਿਆ ਤੇ ਹਿੰਦੂ ਮਹਾਪੰਚਾਇਤ ਸ਼ੁਰੂ ਕਰ ਦਿੱਤੀ। ਡੀ ਸੀ ਪੀ ਨੇ ਕਿਹਾ ਕਿ ਇਸ ਦੌਰਾਨ ਪੁਲਸ ਵੀ ਪੁੱਜ ਗਈ। ਯਤੀ ਨਰਸਿੰਘਾਨੰਦ ਸਰਸਵਤੀ ਨੇ ਸਟੇਜ ਤੋਂ ਨਫਰਤੀ ਭਾਸ਼ਣ ਦੇਣੇ ਸ਼ੁਰੂ ਕਰ ਦਿੱਤੇ ਅਤੇ ਹਿੰਦੂਆਂ ਨੂੰ ਆਪਣੀ ਹੋਂਦ ਲਈ ਹਥਿਆਰ ਚੁੱਕਣ ਲਈ ਆਖਣਾ ਸ਼ੁਰੂ ਕਰ ਦਿੱਤਾ। ਚਵਹਾਨਕੇ ਨੇ ਕਿਹਾ ਕਿ ਉਹ ਬਰਾਬਰ ਅਧਿਕਾਰ ਦੇਣ ਦਾ ਵਿਰੋਧੀ ਹੈ। ਉਸ ਨੇ ਕਿਹਾ ਕਿ ਭਾਰਤੀ ਮੁਸਲਮਾਨਾਂ ਨੂੰ ਓਨੇ ਹੀ ਅਧਿਕਾਰ ਚਾਹੀਦੇ ਹਨ, ਜਿੰਨੇ ਪਾਕਿਸਤਾਨ ਵਿੱਚ ਹਿੰਦੂਆਂ ਨੂੰ ਮਿਲਦੇ ਹਨ, ਇਸ ਤੋਂ ਵੱਧ ਨਹੀਂ। ਇਸ ਉੱਤੇ ਪੁਲਸ ਨੇ ਆਈ ਪੀ ਸੀ ਦੀ ਧਾਰਾ 188 ਤੇ 153 ਅਧੀਨ ਮੁਖਰਜੀ ਨਗਰ ਪੁਲਸ ਸਟੇਸ਼ਨ ਵਿੱਚ ਕੇਸ ਦਰਜ ਕਰ ਲਿਆ ਹੈ। ਪੱਤਰਕਾਰਾਂ ਦੀ ਸ਼ਿਕਾਇਤ ਉੱਤੇ ਵੀ ਵੱਖਰੇ ਕੇਸ ਦਰਜ ਕੀਤੇ ਗਏ ਹਨ, ਜਿਨ੍ਹਾਂ ਦਾ ਦੋਸ਼ ਸੀ ਕਿ ਸਮਾਗਮ ਦੌਰਾਨ ਉਨ੍ਹਾਂ ਨਾਲ ਬਦਸਲੂਕੀ ਕੀਤੀ ਗਈ।

ਦਿੱਲੀ ਪੁਲਸ ਨੇ ਬੀਤੇ ਦਿਨ ਰਾਜਧਾਨੀ ਵਿੱਚ ਹਿੰਦੂਤਵੀ ਸਮਾਗਮ ਵਿੱਚ ਸੱਤ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਬਾਰੇ ਟਵੀਟ ਕਰਨ ਲਈ ਇੱਕ ਪੱਤਰਕਾਰ ਅਤੇ ਇੱਕ ਨਿਊਜ਼ ਪੋਰਟਲ ਵਿਰੁੱਧ ਕੇਸ ਦਰਜ ਕੀਤਾ ਹੈ। ਇਹ ਕੇਸ ਮੀਰ ਫੈਸਲ ਅਤੇ ਨਿਊਜ਼ ਵੈਬਸਾਈਟ ਆਰਟੀਕਲ 14 ਖਿਲਾਫ ਦਰਜ ਕੀਤਾ ਗਿਆ। ਇਹ ਇਸ ਬਾਰੇ ਦਰਜ ਚੌਥਾ ਕੇਸ ਹੈ, ਜਦ ਕਿ ਅਜੇ ਤਕ ਕਿਸੇ ਦੀ ਗ੍ਰਿਫਤਾਰੀ ਨਹੀਂ ਕੀਤੀ ਗਈ। ਫੈਸਲ ਉਨ੍ਹਾਂ ਪੱਤਰਕਾਰਾਂ ਵਿੱਚ ਸ਼ਾਮਲ ਸੀ, ਜਿਨ੍ਹਾਂ ਉੱਤੇ ਐਤਵਾਰ ਨੂੰ ਸ਼ਹਿਰ ਦੇ ਬੁਰਾੜੀ ਖੇਤਰ ਵਿੱਚ ਹਿੰਦੂ ਮਹਾਪੰਚਾਇਤ ਦੇ ਸਮਾਗਮ ਵਿੱਚ ਹਮਲਾ ਹੋਇਆ ਸੀ। ਪੱਤਰਕਾਰ ਅਰਬਾਬ ਅਲੀ, ਉਨ੍ਹਾਂ ਤਿੰਨ ਪੱਤਰਕਾਰਾਂ ਵਿੱਚ ਸ਼ਾਮਲ ਸੀ ਜਿਨ੍ਹਾਂ ਨਾਲ ਜ਼ੁਬਾਨੀ ਦੁਰਵਿਹਾਰ ਕੀਤਾ ਗਿਆ ਸੀ।

ਕਾਂਗਰਸ ਦੀ ਮਹਿਲਾ ਬੁਲਾਰਾ ਸ਼ਮਾ ਮੁਹੰਮਦ ਅਤੇ ਸੀ ਪੀ ਆਈ (ਐਮ) ਨੇ ਹਿੰਦੂ ਮਹਾਪੰਚਾਇਤ ਨੂੰ ਹੋਣ ਤੋਂ ਨਾ ਰੋਕੇ ਜਾਣ ਦੇ ਲਈ ਕੇਂਦਰੀ ਗ੍ਰਹਿ ਮੰਤਰੀ ਦੇ ਹੇਠ ਪੁਲਸ ਦੇ ਕੰਮਉੱਤੇਵੀ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ, ''ਯਤੀ ਨਰਸਿੰਘਾਨੰਦ, ਨਫਰਤ ਭਰੇ ਭਾਸ਼ਣ ਦੇ ਮਾਮਲੇ ਵਿੱਚ ਜ਼ਮਾਨਤ ਉੱਤੇ ਰਿਹਾਅ ਹੋ ਕੇ ਦਿੱਲੀ ਵਿੱਚ ਇੱਕ ਹੋਰ ਨਫਰਤ ਭਰਿਆ ਭਾਸ਼ਣ ਦਿੰਦਾ ਹੈ, ਕੀ ਅਦਾਲਤਾਂ ਉਸ ਦੀ ਜ਼ਮਾਨਤ ਨੂੰ ਤੁਰੰਤ ਰੱਦ ਕਰ ਦੇਣਗੀਆਂ।''




# ਭਗਵੰਤ ਵੱਲੋਂ ਡਿਪਟੀ ਕਮਿਸ਼ਨਰਾਂ ਨੂੰ ਪਿੰਡਾਂ ਵਿੱਚ ਲੋਕਾਂ ਨਾਲ ਬੈਠਕਾਂ ਕਰਨ ਦਾ ਹੁਕਮ

ਚੰਡੀਗੜ੍ਹ, 5 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੱਲ੍ਹ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਪੰਜਾਬ ਵਿੱਚ ਖ਼ਾਸ ਕਰ ਕੇ ਪਿੰਡਾਂ ਵਿੱਚ ਜਾ ਕੇ ਨਿਰੰਤਰ ਜਨਤਕ ਮਿਲਣੀਆਂ ਦਾ ਹੁਕਮ ਦਿੰਦਿਆਂ ਕਿਹਾ ਕਿ ਇਸ ਨਾਲ ਲੋਕਾਂ ਦੀ ਤਸੱਲੀ ਮੁਤਾ-ਬਕ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਮੌਕੇ ਉੱਤੇ ਸੁਲਝਾਉਣਾ ਯਕੀਨੀ ਕੀਤਾ ਜਾ ਸਕੇਗਾ।

ਕੱਲ੍ਹ ਸਵੇਰੇ ਇੱਥੇ ਪੰਜਾਬ ਭਵਨ ਵਿਖੇ ਡਿਪਟੀ ਕਮਿਸ਼ਨਰਾਂ ਨਾਲ ਬੈਠਕ ਦੀ ਪ੍ਰਧਾਨਗੀ ਕਰਦੇ ਹੋਏ ਭਗਵੰਤ ਮਾਨ ਨੇ ਉਨ੍ਹਾਂ ਨੂੰ ਵਿਸ਼ੇਸ਼ ਤੌਰ ਉਤੇ ਪਿੰਡ ਜਾਂ ਕਸਬੇ ਵਿੱਚ ਜਾ ਕੇ ਅਫਸਰਾਂ ਦੀ ਟੀਮਾਂ ਨਾਲ ਵਿਸ਼ੇਸ਼ ਕੈਂਪ ਲਾਉਣ ਲਈ ਕਿਹਾ ਤਾਂਕਿ ਆਮ ਲੋਕਾਂ ਦੇ ਬਾਕੀ ਮਸਲੇ ਜਾਂ ਦਰਪੇਸ਼ ਸਮੱਸਿਆਵਾਂ ਦਾ ਮੌਕੇ ਉਤੇ ਹੱਲ ਕੀਤਾ ਜਾ ਸਕੇ। ਡਿਪਟੀ



ਕਮਿਸ਼ਨਰਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਅੱਖਾਂ ਅਤੇ ਕੰਨ ਦੱਸਦੇ ਹੋਏ ਭਗਵੰਤ ਮਾਨ ਨੇ ਕਿਹਾ,''ਤੁਸੀਂ ਸਰਕਾਰ ਦਾ ਅਸਲ ਚਿਹਰਾ ਹੋ ਕਿਉਂਕਿ ਸਾਡੇ (ਸਰਕਾਰ) ਨਾਲੋਂ ਤੁਹਾਡਾ ਆਮ ਲੋਕਾਂ ਨਾਲ ਸਿੱਧਾ ਵਾਹ ਪੈਂਦਾ ਹੈ, ਲੋਕ ਤੁਹ-ਾਡੇ ਉਤੇ ਬੜਾਵੱਧ ਭਰੋਸਾ ਤੇ ਵਿਸ਼ਵਾਸ ਕਰਦੇ ਹਨ।'' ਉਨ੍ਹਾਂ ਨੇ ਡਿਪਟੀ ਕਮਿਸ਼ਨਰਾਂ ਨੂੰ ਸਾਂਝ ਕੇਂਦਰਾਂ ਦੀ ਅਚਨਚੇਤੀ ਜਾਂਚ ਕਰਨ ਲਈ ਵੀ ਕਿਹਾ।ਬਿਹਤਰ ਕਾਰਗੁਜ਼ਾਰੀ ਦਿਖਾਉਣ ਵਾਲੇ ਡਿਵੀਜ਼ਨਲ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ, ਜ਼ਿਲ੍ਹਾ ਪੁਲਸ ਮੁੱਖੀਆਂ, ਐਸ ਡੀ ਐਮਜ਼ ਅਤੇ ਹੋਰ ਖੇਤਰੀ ਅਧਿਕਾਰੀਆਂ ਲਈ ਭਗਵੰਤ ਮਾਨ ਨੇ 'ਬਿਹਤਰੀਨ ਕਾਰਗੁਜ਼ਾਰੀ ਐਵਾਰਡ' ਨਾਲ ਸਨਮਾਨਤ ਕਰਨ ਦਾ ਐਲਾਨ ਕੀਤਾ। ਭਗਵੰਤ ਮਾਨ ਨੇ ਸਾਰੇ ਜ਼ਿਲ੍ਹਿਆਂ ਵਿੱਚ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ ਇੱਕ ਮਹੀਨੇ ਵਿੱਚ ਸ਼ੁਰੂ ਅਤੇ ਅਪਗ੍ਰੇਡ ਕਰਨ ਦੀ ਟੀਚਾ ਵੀ ਦਿੱਤਾ। ਕਣਕ ਦੀ ਚੱਲਦੀ ਖ਼ਰੀਦ ਦਾ ਜਾਇਜ਼ਾ ਲੈਂਦਿਆਂ ਉਨ੍ਹਾਂ ਨੇ ਡੀ ਜੀ ਪੀ ਨੂੰ ਗੁਆਂਢੀ ਰਾਜਾਂ ਤੋਂ ਪੰਜਾਬ ਵਿੱਚ ਕਣਕ ਦੀ ਗ਼ੈਰ-ਕਾਨੂੰਨੀ ਢੋਆ-ਢੁਆਈ ਨੂੰ ਰੋਕਣ ਲਈ 24 ਘੰਟੇ ਚੌਕਸੀ ਨੂੰ ਹੋਰ ਤੇਜ਼ ਕਰਨ ਅਤੇ ਨਾਕਿਆਂ ਉੱਤੇ 24 ਘੰਟੇ ਵੀਡੀਉਗ੍ਰਾਫ਼ੀ ਟੀਮਾਂ ਤਾਇਨਾਤ ਕਰਨ ਲਈ ਵੀ ਹਿਦਾਇਤਾਂ ਕੀਤਾ।

# ਐਮ ਐਸ ਪੀ ਕਮੇਟੀ ਲਈ ਨਾਂਅ ਭੇਜਣ ਦੀ ਬਜਾਏ ਸਵਾਲ ਪੁੱਛੇ

ਨਵੀਂ ਦਿੱਲੀ, 5 ਅਪ੍ਰੈਲ (ਪੋਸਟ ਬਿਊਰੋ)- ਫਸਲਾਂ ਦੇ ਘੱਟੋ-ਘੱਟ ਖਰੀਦ ਮੁੱਲ (ਐਮ ਐਸ ਪੀ)ਬਾਰੇ ਫੈਸਲੇ ਅਤੇ ਉਸ ਦੇ ਤੌਰ ਤਰੀਕਿਆਂ ਵਿੱਚ ਬਦਲਾਅ ਬਾਰੇ ਤਜਵੀਜ਼ਸ਼ੁਦਾ ਕਮੇਟੀ ਬਣ ਤੋਂ ਪਹਿਲਾਂ ਹੀ ਸੰਯੁਕਤ ਕਿਸਾਨ ਮੋਰਚੇ ਨੇ ਸ਼ੱਕ ਪ੍ਰਗਟ ਕਰ ਦਿੱਤਾ ਹੈ। ਸਰਕਾਰ ਨੇ ਕਿਸਾਨ ਮੋਰਚੇ ਨੂੰ ਤਜਵੀਜ਼ਸ਼ੁਦਾ ਕਮੇਟੀ ਵਿੱਚ ਆਪਣੇ ਦੋ ਤੋਂ ਤਿੰਨ ਮੈਂਬਰਾਂ ਨਾਮਜ਼ਦ ਕਰਨ ਲਈ ਨਾ ਮੰਗੇ ਤਾਂ ਉਸ ਨੇ ਜਵਾਬ ਵਿੱਚ ਟਰਮ ਆਫ ਰੈਫਰੈਂਸ ਬਾਰੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ।

ਸੰਯੁਕਤ ਕਿਸਾਨ ਮੋਰਚੇ ਨੇ ਕਮੇਟੀ ਦੇ ਬਾਕੀ ਮੈਂਬਰਾਂ ਦੇ ਨਾਂਅ, ਉਨ੍ਹਾਂ ਦੇ ਵੇਰਵੇ ਅਤੇ ਕਮੇਟੀ ਦੇ ਦਾਇਰੇ ਉੱਤੇ ਵੀ ਸਵਾਲ ਚੁੱਕੇ ਹਨ। ਕਿਸਾਨ ਮੋਰਚਾ ਚਾਹੁੰਦਾ ਹੈ ਕਿ ਰੱਦ ਹੋ ਚੁੱਕੇ ਖੇਤੀ ਕਾਨੂੰਨਾਂ ਦੇ ਸਮਰਥਕ ਕਿਸਾਨ ਸੰਗਠਨਾਂ ਨੂੰ ਕਮੇਟੀ ਵਿੱਚ ਸ਼ਾਮਲ ਨਾ ਕੀਤਾ ਜਾਵੇ। ਮੋਰਚੇ ਦੇ ਤਾਜ਼ਾ ਰੁਖ਼ ਨਾਲ ਪਿਛਲੇ ਸਾਲ ਦੇ ਅੰਦੋਲਨ ਦੇ ਸਮੇਂ ਦੀ ਜ਼ਿਦ ਅਤੇ ਅੜੀਵਾਲਾ ਸੰਕੇਤ ਪ੍ਰਕਿਰਿਆ ਸ਼ੁਰੂ ਹੋਣ ਤੋਂ ਪਹਿਲਾਂ ਮਿਲਣ ਲੱਗਾ ਹੈ।ਖੇਤੀ ਕਾਨੂੰਨਾਂ ਉੱਤੇ ਉਠੇ ਵਿਵਾਦ ਅਤੇ ਕਿਸਾਨ ਮੋਰਚੇ ਦੇ ਲੰਬੇ ਅੰਦੋਲਨਖਤਮ ਹੁੰਦੇ ਸਮੇਂ ਖੇਤੀ ਮੰਤਰਾਲੇ ਨੇ ਅੰਦੋਲਨਕਾਰੀ ਕਿਸਾਨ ਸੰਗਠਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਦੇ ਮੁੱਦੇ ਉੱਤੇ ਵੱਖਰੇ ਤੌਰ ਉੱਤੇ ਮਾਹਰ ਕਮੇਟੀ ਬਣਾਉਣ ਦਾ ਭਰੋਸਾ ਦਿੱਤਾ। ਦਸੰਬਰ 2022 ਵਿੱਚ ਅੰਦੋਲਨ ਖਤਮ ਹੋਣ ਤੋਂ ਬਾਅਦ ਤੋਂ ਪੰਜ ਸੂਬਿਆਂ ਵਿੱਚ ਚੋਣਾਂ ਦੀ ਗਹਿਮਾ ਗਹਿਮੀ ਤੇ ਫਿਰ ਪਾਰਲੀਮੈਂਟ ਦਾ ਸੈਸ਼ਨ ਸ਼ੁਰੂ ਹੋ ਗਿਆ। ਜਿਸ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ ਖੇਤੀ ਮੰਤਰੀ ਨਰਿੰਦਰ ਤੋਮਰ ਨੇ ਕਿਹਾ ਕਿ ਸਰਕਾਰ ਛੇਤੀ ਹੀ ਮਾਹਰ ਕਮੇਟੀ ਦੀ ਪ੍ਰਕਿਰਿਆ ਸ਼ੁਰੂ ਕਰੇਗੀ। ਉਸੇ ਤਹਿਤ 22 ਮਾਰਚ ਨੂੰ ਖੇਤੀ ਸੈਕਟਰੀ ਨੇ ਕਮੇਟੀ ਲਈ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੂੰ ਮੈਂਬਰ ਨਾਮਜ਼ਦ ਕਰਨ ਲਈ ਕਿਹਾ। ਸਰਕਾਰ ਦੀ ਪਹਿਲ ਦੇ ਬਾਅਦ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਦੀ ਇੱਕ ਬੈਠਕ ਦਿੱਲੀ ਵਿੱਚ ਹੋਈ, ਜਿਸ ਵਿੱਚ ਉਨ੍ਹਾਂ ਕਈ ਹੋਰ ਤਰ੍ਹਾਂ ਦੇ ਸ਼ੱਕ ਪ੍ਰਗਟਾ ਦਿੱਤੇ।







## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769










## ਲੜਕੀ ਦੀ ਲੋੜ


ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







## Change of Name

- **I Navbir Singh s/o Inderjit Singh R/o** 8 Whitewash Way, Brampton, ON L6X 4T3 Canada, (Mo no: +1 647 425 6600) have changed my name **Navbir Singh to Navbir Singh Thind.**
- **I Harmanjit Kaur W/o Navbir Singh** alias Navbir Singh Thind R/o 8 Whitewash Way, Brampton, ON L6X 4T3 Canada, (Mo no: +1 647 425 6600) have changed my name **Harmanjit Kaur to Harmanjit Kaur Thind.**

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen
Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013







## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂMBA ਅਤੇ ਕੈਨੇਡਾ ਤੋਂMarketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com






Urgently Need New Listings in Brampton/Caledon
visit: www.teamjagaujla.com



Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com

CALL JAG FOR A QUICK & FREE HOME EVALUATION
www.BramptonTopRealtor.com www.BramptonTopAgent.com

RECENTLY LISTED/SOLD IN YOUR NEIGHBOURHOOD BY JAG AUJLA

JUST LISTED FOR SALE
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades
BRANTFORD, ONTARIO
Call Jag Aujla For Details

JUST LISTED FOR SALE
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New
* Spent over $200k on upgrades
BRAMPTON, ONTARIO
Call Jag Aujla For Details

SOLD $215,000 OVER ASKING IN 2 DAYS — 42 Lawnview Crt — Sandalwood /Hwy 10 / Braidwood
SOLD $101,000 OVER ASKING IN 2 DAYS — 11 Germain Circ — Miss.Rd/ William Pkwy/ Bovaird
SOLD $165,000 OVER ASKING IN 2 DAYS — 5 Mitchell Ave — Sandalwood/ Conestoga/ Dalzell
SOLD @101% OF ASKING PRICE — 12 Laurelcrest St — Queen / Laurelcrest / Hwy 410
SOLD $260,000 OVER ASKING IN 4 DAYS — 10 Lady Stewart Blvd — Howden / William Pkwy/ Hwy 410
SOLD @99% OF ASKING PRICE — 11 Van Hoof Crest — Castlemore/ Goreway / Latania
SOLD $121,000 OVER ASKING IN 6 DAYS Caledon — 42 Pinedale Ave — Kennedy / Dougall
SOLD $73,000 OVER ASKING IN 6 DAYS Shelbourne — 416 Olde Village Lane — Hwy 89 / Greenwood
SOLD $355,000 OVER ASKING IN 4 DAYS — 37 Esker Dr — Heart Lake Rd/Sandalwood Pkwy

FREE
✓ Full MLS Services
✓ Consistently Marketing Your Property Until SOLD
✓ Competitive Rates, Exceptional Service & Award Winning Results
✓ Staging Consultation
✓ Billboard, Flyer, Newspaper
✓ Online Promotion
✓ Professional Pictures and Virtual Tour
✓ Social media & Radio Advertisement
✓ Open House Until Sold

RE/MAX Realty Specialists Inc. Brokerage (Independently Owned and Operated)
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8



$1,399,999
CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ



$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866



$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੇਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿੱਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!

DUNDAS-JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੋਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017